ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

GURMAT ELEMENTARY COURSE

(CORRESPONDENCE COURSE)

LESSON 1

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013

ਫੋਨ : 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਜਨਵਰੀ 2015

20/- ਰੁਪਏ

ਧਰਮ ਦਾ ਮੁੱਢਲਾ ਉਪਦੇਸ਼
(ਅਕਾਲ ਪੁਰਖ ਕੀ ਹੈ ਤੇ ਕਿਵੇਂ ਮਿਲ ਸਕਦਾ ਹੈ?)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

- ੴ– ਅਕਾਲ ਪੁਰਖ ਇਕ ਹੈ। ਉਸ ਜਿਹਾ ਹੋਰ ਕੋਈ ਨਹੀਂ ਹੈ, ਉਹ ਹਰ ਥਾਂ ਵਸਿਆ(ਵਿਆਪਕ) ਹੈ।
- ਸਤਿ ਨਾਮੁ – ਉਸ ਦਾ ਨਾਮ ਸਦਾ ਵਾਸਤੇ ਅਟੱਲ ਹੈ ਅਤੇ ਹੋਂਦ ਵਾਲਾ ਹੈ।
- **ਕਰਤਾ ਪੁਰਖੁ** – ਉਹ ਸਭ ਕੁਝ ਬਣਾ ਕੇ ਉਸ ਵਿੱਚ ਆਪ ਵਸ ਰਿਹਾ ਹੈ।
- **ਨਿਰਭਉ** – ਉਸ ਨੂੰ ਕਿਸੇ ਦਾ ਡਰ ਨਹੀਂ।
- **ਨਿਰਵੈਰ**– ਉਸ ਦੀ ਕਿਸੇ ਨਾਲ ਦੁਸ਼ਮਣੀ ਨਹੀਂ।
- **ਅਕਾਲ ਮੂਰਤਿ** – ਉਸ ਦੀ ਹਸਤੀ (ਹੋਂਦ) ਬਚਪਨ,ਜਵਾਨੀ, ਬੁਢੇਪਾ,ਮੌਤ ਤੋਂ ਰਹਿਤ ਹੈ।
- **ਅਜੂਨੀ**–ਉਹ ਜਨਮ ਰਹਿਤ ਹੈ।
- **ਸੈਭੰ**–ਉਸ ਨੂੰ ਕਿਸੇ ਨਹੀਂ ਬਣਾਇਆ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।
- **ਗੁਰਪ੍ਰਸਾਦਿ**–ਅਜਿਹਾ ਅਕਾਲ ਪੁਰਖੁ, ਗੁਰੂ ਦੀ ਕ੍ਰਿਪਾ ਦੁਆਰਾ ਮਿਲਦਾ ਹੈ।

****

ੴ ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰੂ ਪਿਆਰਿਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਆਪ ਸਭ ਇਹ ਭਲੀ-ਭਾਂਤ ਜਾਣਦੇ ਹੀ ਹੋ ਕਿ ਹਰ ਇਕ ਵਿਅਕਤੀ ਕਿਸੇ ਨਾ ਕਿਸੇ ਧਰਮ ਨਾਲ ਜੁੜਿਆ ਹੋਇਆ ਹੈ। ਧਰਮ, ਵਿਅਕਤੀ ਦੇ ਜੀਵਨ ਦਾ ਇਕ ਜ਼ਰੂਰੀ ਅੰਗ ਸਮਝਿਆ ਜਾਂਦਾ ਹੈ। ਇਸਦੀ ਸਹੀ ਜਾਣਕਾਰੀ ਵਿਅਕਤੀ ਅੰਦਰ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਕੇ ਇਸਨੂੰ ਵਿਕਾਸ ਦੀ ਦਿਸ਼ਾ ਵੱਲ ਲੈ ਜਾਂਦੀ ਹੈ। ਇਸਦੇ ਉਲਟ ਸਹੀ ਜਾਣਕਾਰੀ ਦੀ ਅਣਹੋਂਦ, ਵਿਅਕਤੀ ਅੰਦਰ ਨਫ਼ਰਤ ਅਤੇ ਘ੍ਰਿਣਾ ਦਾ ਵਾਧਾ ਕਰ ਦੇਵੇਗੀ, ਜਿਸ ਨਾਲ ਸਮਾਜ ਵਿਚ ਖ਼ੂਨ-ਖ਼ਰਾਬੇ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ। ਧਰਮ ਦੀ ਮੁਢਲੀ ਸਮੱਸਿਆ ਇਹ ਹੈ ਕਿ ਸਚਿਆਰਾ ਜੀਵਨ ਕਿਵੇਂ ਬਣਾਇਆ ਜਾਵੇ ? ਧਰਮ ਦਾ ਇਹ ਅਸੂਲ ਹਰ ਇਕ ਮਨੁੱਖੀ ਸਮਾਜ ਦਾ ਹਿੱਸਾ ਬਣਨਾ ਚਾਹੀਦਾ ਹੈ। ਮਨੁੱਖੀ ਸਮਾਜ ਦਾ ਇਹ ਸਿਧਾਂਤ ਤਾਂ ਹੀ ਹੋਂਦ ਵਿਚ ਆ ਸਕੇਗਾ ਜੇਕਰ ਵਿਅਕਤੀ ਸਚਿਆਰਾ ਜੀਵਨ ਬਣਾਉਣ ਵੱਲ ਰੁਚਿਤ ਹੋਵੇਗਾ ਅਤੇ ਉਸਨੂੰ ਠੀਕ ਸੇਧ ਮਿਲੇਗੀ।

ਧਰਮ ਦੀ ਅਜਿਹੀ ਸੂਝ ਪੈਦਾ ਕਰਨ ਲਈ ਹੀ ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆ ਵਿਚ ਪ੍ਰਚਾਰ ਦੌਰੇ ਕੀਤੇ। ਇਨ੍ਹਾਂ ਪ੍ਰਚਾਰ ਦੌਰਿਆਂ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਲੋਕਾਂ ਅੰਦਰ ਧਰਮ ਦੀ ਅਸਲ ਸੂਝ ਪੈਦਾ ਕਰਨ ਲਈ, ਉਨ੍ਹਾਂ ਨੂੰ ਇਕ ਅਕਾਲ ਪੁਰਖ ਨਾਲ ਜੋੜਨ ਦਾ ਕੰਮ ਕੀਤਾ। ਗੁਰੂ ਸਾਹਿਬ ਜੀ ਨੇ ਇਕ ਅਕਾਲ ਪੁਰਖੀ ਧਰਮ ਨੂੰ ਮੰਨਣ ਵਾਲੇ ਸਭ ਪੀਰਾਂ, ਭਗਤਾਂ ਦੀ ਬਾਣੀ ਇਕੱਤਰ ਕੀਤੀ, ਜੋ ਕਿ ਇਸ ਗੱਲ ਵੱਲ ਸਪੱਸ਼ਟ ਸੰਕੇਤ ਸੀ ਕਿ ਧਰਮ ਦਾ ਸਹੀ ਪ੍ਰਚਾਰ ਕਿਤੇ ਵੀ ਹੋ ਰਿਹਾ ਹੋਵੇ, ਕੋਈ ਵੀ ਕਰ ਰਿਹਾ ਹੋਵੇ, ਪ੍ਰਵਾਨ ਹੈ। ਮਨੁੱਖਤਾ ਹੀ ਅਸਲ ਧਰਮ ਹੈ, ਜਿਸ ਵਿਚ ਉਚ-ਨੀਚ ਅਤੇ ਜਾਤੀ ਭਿੰਨਤਾਵਾਂ ਨੂੰ ਕੋਈ ਥਾਂ ਨਹੀਂ। ਸਿਰਫ ਇਕੋ ਆਧਾਰ ਮਿਥਿਆ ਗਿਆ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (ਪੰਨਾ-1349)

ਗੁਰੂ ਨਾਨਕ ਸਾਹਿਬ ਜੀ ਦੁਆਰਾ ਸੰਗਠਿਤ ਕੀਤੇ ਮਾਨਵਤਾ ਦੇ ਧਰਮ ਨੂੰ ਮੰਨਣਾ ਅਤੇ ਉਸ ਉੱਤੇ ਚੱਲਣਾ ਸਾਡਾ ਸਾਰਿਆਂ ਦਾ ਫਰਜ਼ ਹੈ, ਤਾਂ ਹੀ ਭ੍ਰਿਸ਼ਟਾਚਾਰ, ਕਲ੍ਹਾ-ਕਲੇਸ਼, ਖ਼ੂਨੀ ਜੰਗਾਂ ਆਦਿ ਤੋਂ ਮੁਕਤ ਸੱਚੇ-ਸੁੱਚੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਆਪ ਸਭ ਵੱਡੇ ਭਾਗਾਂ ਵਾਲੇ ਹੋ, ਜੋ ਗੁਰੂ ਸਾਹਿਬ ਦੁਆਰਾ ਮਾਨਵ-ਕਲਿਆਣ ਹਿਤ ਪੇਸ਼ ਕੀਤੇ ਵਿਚਾਰਾਂ ਤੋਂ ਜਾਣੂ ਹੋਣ ਵਿਚ ਰੁਚੀ ਲੈਣ ਲਈ ਅੱਗੇ ਆਏ ਹੋ। ਆਪ ਜੀ ਨੂੰ ਗੁਰੂ ਸਾਹਿਬ ਜੀ ਦੇ ਫ਼ਲਸਫ਼ੇ ਅਤੇ ਇਤਿਹਾਸ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਵਿਅਕਤੀ ਦੇ ਸ਼ਖਸੀਅਤ ਵਿਕਾਸ ਵਿਚ ਕੰਮ ਆਉਣ ਵਾਲੇ ਵਿਚਾਰਾਂ ਬਾਬਤ ਜਾਣਕਾਰੀ ਵੀ ਇਸ ਕੋਰਸ ਵਿਚ ਦਿੱਤੀ ਜਾ ਰਹੀ ਹੈ।

ਇਸ ਪੂਰੇ ਕੋਰਸ ਨੂੰ ਦਸ ਪਾਠਾਂ ਵਿਚ ਵੰਡਿਆ ਗਿਆ ਹੈ। ਇਕ ਪਾਠ ਵਿਚ ਗੁਰੂ ਸਾਹਿਬ ਦੁਆਰਾ ਰਚੀ ਗਈ ਬਾਣੀ ਦੇ ਚੋਣਵੇਂ ਸ਼ਬਦਾਂ ਦੇ ਨਾਲ, ਗੁਰ ਇਤਿਹਾਸ, ਗੁਰ ਦਰਸ਼ਨ ਤੇ ਫ਼ਲਸਫ਼ਾ ਰੋਜ਼ਾਨਾ ਜੀਵਨ ਵਿਚ ਕੰਮ ਆਉਣ ਵਾਲੀਆਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਾਠ-ਪੁਸਤਕ ਦੇ ਅੰਤ ਵਿਚ ਕੁਝ ਪ੍ਰਸ਼ਨ ਦਿੱਤੇ ਗਏ ਹਨ, ਜਿਨ੍ਹਾਂ ਦੇ ਜਵਾਬ ਤੁਸੀਂ ਵੱਖਰੀ ਸ਼ੀਟ ਤੇ ਹੱਲ ਕਰਕੇ ਸਬੰਧਿਤ ਪਤੇ ਤੇ ਭੇਜਣੇ ਹਨ। ਕੋਰਸ ਮੁਕੰਮਲ ਹੋਣ ਤੇ ਆਪ ਜੀ ਨੂੰ ਕਾਲਜ ਵਲੋਂ ਸਰਟੀਫਿਕੇਟ ਦਿਤਾ ਜਾਵੇਗਾ। ਪੂਰਨ ਸਹਿਯੋਗ ਦੀ ਆਸ ਰੱਖਦੇ ਹੋਏ,

ਗੁਰੂ ਗ੍ਰੰਥ ਤੇ ਪੰਥ ਦਾ ਸੇਵਾਦਾਰ,
ਪ੍ਰਿੰਸੀਪਲ

ਤਤਕਰਾ

ਵਿਸ਼ਾ ਸੂਚੀ ਪੰਨਾ

ਗੁਰ-ਇਤਿਹਾਸ

1.	ਗੁਰੂ ਨਾਨਕ ਸਾਹਿਬ ਜੀ	5
2.	ਮਾਤਾ ਤ੍ਰਿਪਤਾ ਜੀ	10
3.	ਭਾਈ ਮਰਦਾਨਾ ਜੀ	14
4.	ਮੋਦੀਖ਼ਾਨਾ	16
5.	ਨਵਾਬ (ਭਾਈ) ਦੌਲਤ ਖ਼ਾਂ ਲੋਧੀ	20
6.	ਹੱਕ ਦੀ ਕਮਾਈ	22
7.	ਬਾਬਾ ਬੁੱਢਾ ਜੀ	24

ਫ਼ਿਲਾਸਫ਼ੀ

8.	ਧਰਮ ਕੀ ਹੈ ?	27
9.	ਧਰਮ ਦੀ ਲੋੜ	30

ਸ਼ਬਦ-ਵੀਚਾਰ

10.	ਤੁਮ ਦਾਤੇ ਠਾਕੁਰ ਪ੍ਰਤਿਪਾਲਕ.....	33
11.	ਤੂ ਮੇਰਾ ਪਿਤਾ.....	34
12.	ਹਮ ਸਰਿ ਦੀਨੁ.....	36
13.	ਰਾਖਿ ਲੇਹੁ ਹਮ ਤੇ ਬਿਗਰੀ॥	37
14.	ਹਮ ਮੈਲੇ ਤੁਮ ਊਜਲ ਕਰਤੇ.....	38

ਜੀਵਨ ਵਿਕਾਸ

15.	ਸ਼ਖ਼ਸੀਅਤ ਵਿਕਾਸ	39
16.	ਵਿਅਕਤੀ ਦੀਆਂ ਜ਼ਿੰਮੇਵਾਰੀਆਂ	43
	ਪ੍ਰਸ਼ਨ ਪੱਤਰ	47

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਮੂਲ ਨਾਨਕਸ਼ਾਹੀ ਕਲੈਂਡਰ 2003 ਅਨੁਸਾਰ ਹਨ।

(ਇਸ ਪੁਸਤਕ ਵਿਚ ਦਿੱਤੀਆਂ ਗਈਆਂ ਇਤਿਹਾਸਕ ਮਿਤੀਆਂ ਪੁਰਾਣੀ ਅੰਗ੍ਰੇਜ਼ੀ ਮਿਤੀਆਂ ਤੋਂ ਲਗਭਗ 15 ਦਿਨਾਂ ਦੇ ਫਰਕ ਨਾਲ ਲਈਆਂ ਗਈਆਂ ਹਨ ਕਿਉਂ ਜੋ ਮੌਜੂਦਾ ਨਾਨਕਸ਼ਾਹੀ ਕੈਲੰਡਰ ਮੁਤਾਬਕ ਵਾਲੀਆਂ ਤੇ ਪੁਰਾਤਨ ਮਿਤੀਆਂ ਦੇ ਮਲਾਨ ਦਾ ਇੰਨੇ ਦਿਨਾਂ ਦਾ ਅੰਤਰ ਹੈ। ਕਿਉਂਕਿ 1752 ਈ. ਵਿਚ ਅੰਗ੍ਰੇਜ਼ਾਂ ਨੇ ਆਪਣੀਆਂ ਮਿਤੀਆਂ ਵਿਚ ਦੋ ਹਫਤੇ ਦਾ ਫਰਕ ਪਾ ਕੇ ਅੰਤਰਰਾਸ਼ਟਰੀ ਕੈਲੰਡਰ ਨੂੰ ਅਪਣਾਇਆ ਸੀ।)

1. ਗੁਰੂ ਨਾਨਕ ਸਾਹਿਬ ਜੀ

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਵਿਚ ਤਲਵੰਡੀ ਰਾਇ ਭੋਇ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਹੋਇਆ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਹੋਣ ਕਰਕੇ ਹੁਣ ਇਸ ਦਾ ਨਾਂ ਨਨਕਾਣਾ ਸਾਹਿਬ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਜੀ ਦਾ ਨਾਂ ਬਾਬਾ ਕਲਿਆਣ ਦਾਸ ਤੇ ਮਾਤਾ ਜੀ ਦਾ ਨਾਂ ਮਾਤਾ ਤ੍ਰਿਪਤਾ ਸੀ। ਬਾਬਾ ਕਲਿਆਣ ਦਾਸ ਇਲਾਕੇ ਦੇ ਚੌਧਰੀ ਰਾਇ ਬੁਲਾਰ (ਮੁਸਲਮਾਨ) ਪਾਸ ਪਟਵਾਰੀ ਲੱਗੇ ਹੋਏ ਸਨ।

7 ਸਾਲ ਦੀ ਉਮਰੇ ਗੁਰੂ ਨਾਨਕ ਸਾਹਿਬ ਨੂੰ ਪਿਤਾ ਜੀ ਨੇ ਪਹਿਲਾਂ ਗੋਪਾਲ ਪੰਡਿਤ ਪਾਸ ਹਿੰਦੀ ਪੜ੍ਹਨ ਬਿਠਾਇਆ, ਫਿਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਾਈ। 13 ਸਾਲ ਦੀ ਉਮਰ ਵਿਚ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਲਈ ਭੇਜਿਆ। ਆਪ ਜੀ ਨੇ ਜਿੱਥੇ ਆਪਣੇ ਉਸਤਾਦਾਂ ਪਾਸੋਂ ਦੁਨਿਆਵੀ ਵਿਦਿਆ ਪ੍ਰਾਪਤ ਕੀਤੀ, ਉਥੇ ਉਨ੍ਹਾਂ ਨੂੰ ਅਕਾਲ ਪੁਰਖ ਨਾਲ ਜੋੜਿਆ। ਆਪ ਆਪਣੇ ਹਾਣੀਆਂ ਨੂੰ ਵਾਹਿਗੁਰੂ ਜੀ ਬਾਰੇ ਉਪਦੇਸ਼ ਦਿੰਦੇ ਰਹਿੰਦੇ ਸਨ। ਰਾਇ ਬੁਲਾਰ ਗੁਰੂ ਸਾਹਿਬ ਜੀ ਦੇ ਜੀਵਨ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਸਭ ਤੋਂ ਪਹਿਲਾ ਸਿੱਖ ਹੋਣ ਦਾ ਮਾਣ ਪ੍ਰਾਪਤ ਕੀਤਾ। ਦਸ ਸਾਲ ਦੀ ਉਮਰ ਵਿਚ ਜਦੋਂ ਆਪ ਜੀ ਨੂੰ ਜਨੇਊ ਪਾਉਣ ਲੱਗੇ ਤਾਂ ਆਪ ਨੇ ਜਨੇਊ ਪਵਾਉਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਜਨੇਊ ਪਾਉਂਦੇ ਵੀ ਕਿਉਂ? ਜਨੇਊ ਪਾਉਣ ਦਾ ਅਰਥ ਹੈ, ਬ੍ਰਾਹਮਣ ਨੂੰ ਗੁਰੂ ਧਾਰਨ ਕਰਨਾ। ਪਰ ਆਪ ਜੀ ਤਾਂ ਇਸ ਜਗਤ ਦੇ ਉਧਾਰ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਆਪ ਜੀ ਦਾ ਗੁਰੂ ਤਾਂ ਅਕਾਲ ਪੁਰਖ ਆਪ ਸੀ, ਯਥਾ ਗੁਰਵਾਕ ਹੈ:

ਅਪਰੰਪਰ ਪਾਰਬ੍ਰਹਮੁ ਪਰਮੇਸਰੁ,
ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ 599)

ਭਾਈ ਮਰਦਾਨਾ ਜੀ, ਜੋ ਤਲਵੰਡੀ ਰਹਿੰਦੇ ਸਨ, ਭਾਵੇਂ ਮੁਸਲਮਾਨ ਮਰਾਸੀ ਸਨ ਪਰ ਗੁਰੂ ਸਾਹਿਬ ਉਸ ਨੂੰ ਬਹੁਤ ਪਿਆਰ ਕਰਦੇ ਸਨ। ਭਾਈ ਮਰਦਾਨਾ ਜੀ ਚੰਗੇ ਰਬਾਬੀ ਸਨ। ਸਿਰਫ ਭਾਈ ਮਰਦਾਨਾ ਜੀ ਨੂੰ ਹੀ ਇਹ ਮਾਣ ਪ੍ਰਾਪਤ ਹੋਇਆ ਹੈ ਕਿ ਉਹ ਲਗਪਗ 60 ਸਾਲ ਗੁਰੂ ਸਾਹਿਬ ਜੀ ਨਾਲ ਰਹੇ।

18 ਸਾਲ ਦੀ ਉਮਰ ਵਿਚ, ਗੁਰੂ ਜੀ ਦਾ ਅਨੰਦ-ਕਾਰਜ (ਵਿਆਹ) ਬਟਾਲੇ ਰਹਿਣ ਵਾਲੇ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਣਾ ਨਿਯਤ ਹੋਇਆ। ਗੁਰੂ ਸਾਹਿਬ ਜੀ ਨੇ ਜਨੇਊ ਤਾਂ ਪਾਇਆ ਹੀ ਨਹੀਂ ਸੀ, ਇਸ ਲਈ ਵੇਦੀ (ਹਿੰਦੂ ਰੀਤੀ) ਨਾਲ ਵਿਆਹ ਹੋਣਾ ਸੰਭਵ ਨਹੀਂ ਸੀ। ਪ੍ਰੋਹਤਾਂ ਨੇ ਸਲਾਹ

ਕਰਕੇ ਗੁਰੂ ਸਾਹਿਬ ਜੀ ਨੂੰ ਮਾਰਨ ਲਈ ਵਿਉਂਤ ਬਣਾਈ। ਉਨ੍ਹਾਂ ਨੇ ਗੁਰੂ ਜੀ ਉਤੇ ਕੰਧ ਡੇਗਣ ਦੀ ਵਿਉਂਤ ਬਣਾਈ। ਗੁਰੂ ਸਾਹਿਬ ਉਨ੍ਹਾਂ ਦੀ ਚਾਲ ਨੂੰ ਭਾਂਪ ਗਏ ਕਿ ਵਿਰੋਧੀ ਉਨ੍ਹਾਂ ਉਤੇ ਕੰਧ ਡੇਗ ਕੇ ਮਾਰਨਾ ਚਾਹੁੰਦੇ ਹਨ, ਇਹ ਕੰਧ ਅੱਜ ਤੱਕ ਯਾਦਗਾਰ ਦੇ ਤੌਰ ਤੇ ਬਟਾਲੇ ਵਿਚ ਹੈ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਜੀ ਦਾ ਅਨੰਦ ਕਾਰਜ (ਵਿਆਹ) ੧੯ਦੁਆਲੇ ਹੋਇਆ। ਸਮਾਂ ਪਾ ਕੇ ਗੁਰੂ ਜੀ ਦੇ ਦੋ ਸਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਹੋਏ।

35 ਵਰ੍ਹਿਆਂ ਦੀ ਉਮਰੇ ਸੰਨ 1504 ਵਿਚ ਆਪ ਜੀ ਆਪਣੇ ਜੀਜੇ ਭਾਈ ਜੈ ਰਾਮ ਜੀ ਪਾਸ ਸੁਲਤਾਨਪੁਰ ਚਲੇ ਗਏ ਤੇ ਨਵਾਬ ਦੌਲਤ ਖਾਂ ਦੇ ਮੋਦੀ ਬਣੇ। ਸੁਲਤਾਨਪੁਰ ਵਿਖੇ ਗੁਰੂ ਸਾਹਿਬ ਜੀ ਸਤਿਸੰਗ ਕਰਦੇ। ਸਤਸੰਗ ਵਿਚ ਸ਼ਹਿਰ ਦੇ ਵੱਡੇ-ਛੋਟੇ ਸਭ ਬਿਨਾਂ ਵਿਤਕਰੇ ਦੇ ਆਉਂਦੇ ਸਨ। ਅਨੇਕਾਂ ਨੇ ਮੜ੍ਹੀਆਂ, ਮਸਾਣਾਂ ਤੇ ਦੇਵੀ-ਦੇਵਤਿਆਂ ਆਦਿ ਦੀ ਪੂਜਾ ਛੱਡ ਕੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਧਾਰਨ ਕਰਨੀ ਆਰੰਭ ਕਰ ਦਿੱਤੀ। ਇਥੇ ਹੀ ਮੈਲਸੀਹਾਂ ਦਾ ਭਾਈ ਭਾਗੀਰਥ ਆਪ ਜੀ ਦਾ ਸਿੱਖ ਬਣਿਆ ਤੇ ਉਸ ਦੇ ਰਾਹੀਂ ਭਾਈ ਮਨਸੁਖ ਸਿੱਖ ਹੋਇਆ।

1507 ਈ: ਵਿਚ ਆਪ ਜੀ ਨੇ ਜਗਤ-ਜਲੰਦੇ ਦਾ ਉਧਾਰ ਕਰਨ ਹਿੱਤ ਡੂੰਘੀ ਵਿਚਾਰ ਕਰਨ ਲਈ ਕੁਝ ਦਿਨ ਇਕਾਂਤ ਵਾਸ ਕੀਤਾ ਤੇ ਉਪਰੰਤ ਨਾਹਰਾ ਲਾਇਆ-"ਨ ਕੋ ਹਿੰਦੂ ਨ ਮੁਸਲਮਾਨ" ਭਾਵ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡੋ, ਕਿਉਂਕਿ ਵਾਹਿਗੁਰੂ ਜੀ ਸਾਰੀ ਲੋਕਾਈ ਵਿਚ ਵਸਦੇ ਹਨ। ਗੁਰੂ ਸਾਹਿਬ ਦੇ ਇਸ ਨਾਹਰੇ ਦੀ ਸ਼ਹਿਰ ਵਿਚ ਬਹੁਤ ਚਰਚਾ ਹੋਈ। ਕਾਜ਼ੀ ਤੇ ਨਵਾਬ ਨੇ ਨਿਮਾਜ਼ ਪੜ੍ਹਨ ਲਈ ਗੁਰੂ ਸਾਹਿਬ ਨੂੰ ਸੱਦਾ ਦਿੱਤਾ। ਗੁਰੂ ਸਾਹਿਬ ਕਾਜ਼ੀ ਤੇ ਨਵਾਬ ਨਾਲ ਨਿਮਾਜ਼ ਪੜ੍ਹਨ ਗਏ, ਪਰ ਉਨ੍ਹਾਂ ਨਿਮਾਜ਼ ਤਾਂ ਕੀ ਪੜ੍ਹਨੀ ਸੀ, ਉਨ੍ਹਾਂ ਦੇ ਦਿਲ ਪੜ੍ਹ ਲਏ।

ਸਤੰਬਰ 1507 ਵਿਚ ਭਾਈ ਮਰਦਾਨੇ ਨੂੰ ਨਾਲ ਲੈ ਕੇ ਲੋਕਾਈ ਨੂੰ ਅਕਾਲ ਪੁਰਖ ਦਾ ਸੰਦੇਸ਼ ਪਹੁੰਚਾਉਣ ਹਿੱਤ ਵੱਖ-ਵੱਖ ਦਿਸ਼ਾਵਾਂ ਵਿਚ ਪ੍ਰਚਾਰ ਦੌਰੇ ਆਰੰਭ ਕੀਤੇ। ਆਪਣੇ ਪਹਿਲੇ ਪ੍ਰਚਾਰ ਦੌਰੇ, ਜੋ ਕਿ ਲਗਪਗ ਅੱਠ ਸਾਲ ਦਾ ਸੀ, ਦੌਰਾਨ ਪੂਰਬ ਤੇ ਦਖਣ ਦੇ ਹਿੰਦੂ ਤੀਰਥਾਂ ਦਾ ਰਟਨ ਕੀਤਾ ਤੇ ਲੋਕਾਈ ਨੂੰ ਇਕ ਅਕਾਲ ਪੁਰਖ ਦੇ ਲੜ ਲਾਇਆ।

ਐਮਨਾਬਾਦ ਵਿਚ ਗਰੀਬ ਕਿਰਤੀ ਭਾਈ ਲਾਲੋ ਜੀ ਨੂੰ ਆਪਣਾ ਸਿੱਖ ਬਣਾਇਆ। ਮਲਕ ਭਾਗੋ ਨੂੰ ਹੇਰਾ-ਫੇਰੀ ਅਤੇ ਪਾਪ ਕਰਮਾਂ ਨਾਲ ਕਮਾਈ ਕਰਨ ਤੋਂ ਵਰਜ ਕੇ ਹੱਕ ਦੀ ਕਮਾਈ ਕਰਨ ਵੱਲ ਲਾਇਆ।

ਹਰਿਦੁਆਰ ਵਿਚ ਲੋਕਾਂ ਨੂੰ ਸੂਰਜ ਨੂੰ ਪਾਣੀ ਦੇਣ ਤੋਂ ਵਰਜਿਆ ਅਤੇ ਜ਼ਾਤ-ਪਾਤ ਦਾ ਵਿਚਾਰ ਤਿਆਗਣ ਦਾ ਉਪਦੇਸ਼ ਦਿਤਾ। ਵੈਸ਼ਨਵ ਪਾਂਡੇ ਨੂੰ ਸਮਝਾਇਆ

ਕਿ ਪ੍ਰਭੂ ਦੇ ਪੈਦਾ ਕੀਤੇ ਮਨੁੱਖ ਨੀਚ ਨਹੀਂ ਹਨ, ਸਗੋਂ ਨੀਚ ਤਾਂ ਮਨੁੱਖ ਦੇ ਆਪਣੇ ਭੈੜੇ ਵਿਚਾਰ ਤੇ ਕੰਮ ਹਨ।

ਗੋਰਖ ਮਤੇ ਵਿਚ ਜੋਗੀਆਂ ਨੂੰ ਭੇਖ ਧਾਰਨ ਕਰਨ, ਸਮਾਧੀਆਂ ਲਾਉਣ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪ ਸਾਧਣ ਆਦਿ ਤੋਂ ਹਟਾ ਕੇ ਪ੍ਰਭੂ ਦੀ ਸਿਫ਼ਤ ਸਲਾਹ ਕਰਨ, ਵਿਕਾਰਾਂ ਤੋਂ ਬਚਣ ਅਤੇ ਚੰਗੇ ਕੰਮ ਕਰਨ ਵੱਲ ਲਾਇਆ। ਗੁਰੂ ਜੀ ਦੇ ਪ੍ਰਚਾਰ ਸਦਕਾ ''ਗੋਰਖ ਮਤਾ'' ਦਾ ਨਾਮ ਬਦਲ ਕੇ ''ਨਾਨਕ ਮਤਾ'' ਪੈ ਗਿਆ।

ਅਲਾਹਾਬਾਦ, ਜਿਸ ਨੂੰ ਪ੍ਰਯਾਗ ਰਾਜ ਵੀ ਕਹਿੰਦੇ ਹਨ, ਵਿਖੇ ਲੋਕਾਂ ਨੂੰ ਸਮਝਾਇਆ ਕਿ ਮਨ ਤੋਂ ਵਿਕਾਰਾਂ ਦੀ ਮੈਲ ਤੀਰਥ-ਇਸ਼ਨਾਨ ਅਤੇ ਦਾਨ ਪੁੰਨ ਕਰਨ ਨਾਲ ਨਹੀਂ ਉਤਰਦੀ। ਗੁਰੂ ਦੀ ਸਿੱਖਿਆ ਰੂਪੀ ਨਦੀ ਵਿਚ ਇਸ਼ਨਾਨ ਕਰਨ ਨਾਲ ਹੀ ਮਨ ਪਵਿੱਤਰ ਹੁੰਦਾ ਹੈ ਤੇ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ। ਗੁਰੂ ਹੀ ਸੱਚਾ ਤੀਰਥ ਹੈ।

ਬਨਾਰਸ ਵਿਖੇ ਉਪਦੇਸ਼ ਦਿੱਤਾ ਕਿ ਕਿਸੇ ਖ਼ਾਸ ਥਾਂ ਤੇ ਜਾ ਕੇ ਰਹਿਣ ਨਾਲ ਮੁਕਤੀ ਨਹੀਂ ਮਿਲਦੀ, ਸਗੋਂ ਮੁਕਤੀ ਤਾਂ ਚੰਗੇ ਕਰਮ ਕਰਨ ਨਾਲ ਹੀ ਮਿਲਦੀ ਹੈ। ਇਥੇ ਲੋਕ ਮੁਕਤੀ ਦੀ ਖ਼ਾਤਰ, ਪੰਡਤਾਂ ਨੂੰ ਦਾਨ ਪੁੰਨ ਕਰਨ ਮਗਰੋਂ ਇਕ ਆਰੇ ਨਾਲ ਸਰੀਰ ਕਟਵਾ ਲੈਂਦੇ ਸਨ। ਗੁਰੂ ਜੀ ਨੇ ਇਸ ਅਣ ਮਨੁੱਖੀ ਕਰਮ ਤੋਂ ਲੋਕਾਂ ਨੂੰ ਵਰਜਿਆ।

ਇਥੇ ਹੀ ਗੁਰੂ ਜੀ ਨੇ ਪੰਡਤ ਚਤੁਰ ਦਾਸ ਨੂੰ ਸਮਝਾਇਆ ਕਿ ਧਾਰਮਿਕ-ਚਿੰਨ੍ਹ (ਤਿਲਕ, ਤੁਲਸੀ ਮਾਲਾ, ਸਾਲਿਗ੍ਰਾਮ ਆਦਿ) ਤੇ ਧਾਰਮਿਕ ਪਹਿਰਾਵਾ ਕੇਵਲ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹੈ, ਪਰ ਅਸਲੀ ਬ੍ਰਾਹਮਣ (ਬ੍ਰਹਮ ਨੂੰ ਜਾਣਨ ਵਾਲਾ) ਤਾਂ ਉਹ ਹੈ, ਜਿਹੜਾ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ।

ਗਇਆ ਵਿਖੇ ਲੋਕਾਂ ਨੂੰ ਪਿੱਤਰਾਂ (ਮਰ ਚੁੱਕੇ ਵੱਡੇ ਵਡੇਰਿਆਂ) ਨਮਿਤ ਕੀਤੀਆਂ ਜਾਣ ਵਾਲੀਆਂ ਵਾਧੂ ਰਸਮਾਂ ਤੋਂ ਗੁਰੂ ਜੀ ਨੇ ਰੋਕਿਆ।

ਗੁਰੂ ਨਾਨਕ ਸਾਹਿਬ ਗਇਆ ਤੋਂ ਪਟਨੇ ਨੇੜੇ ਹਾਦੀਪੁਰ ਪਹੁੰਚੇ, (ਅੱਜ ਵੀ ਤਖ਼ਤ ਪਟਨੇ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੀ ਕਿਰਪਾਨ ਤੇ ਚੱਕਰ ਪਏ ਹਨ) ਉਥੇ ਸਾਲਸ ਰਾਏ ਜੌਹਰੀ ਤੇ ਅਧਰਕੇ ਨੂੰ ਪ੍ਰਚਾਰਕ ਥਾਪਿਆ। ਇਸ ਤੋਂ ਬਾਦ ਗੁਰੂ ਸਾਹਿਬ ਗੋਹਾਟੀ, ਮਨੀਪੁਰ ਦੇ ਰਸਤੇ ਸਿਲਹਟ, ਢਾਕਾ, ਮੇਦਨੀਪੁਰ ਪਹੁੰਚੇ ਤੇ ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ ਹੋਏ ਜਗਨਨਾਥ ਪੁਰੀ ਆ ਗਏ। ਜਗਨਨਾਥ ਪੁਰੀ ਦੇ ਮੰਦਰ ਵਿਚ ਪ੍ਰਭੂ ਦੀ ਸੱਚੀ ਆਰਤੀ ਕਰਨ ਦਾ ਤਰੀਕਾ ਦੱਸਿਆ।

ਪੁਰੀ ਤੋਂ ਬੇਜਵਾੜਾ, ਰਾਮੇਸ਼ਵਰਮ, ਸਿੰਗਲਾਦੀਪ (ਸ੍ਰੀ ਲੰਕਾ), ਕੋਚੀਨ,

ਪਾਲਘਾਟ, ਨੀਲਗਿਰੀ, ਸ੍ਰੀਰੰਗਾਪਟਮ, ਪੂਨਾ, ਨਾਸਿਕ, ਔਰੰਗਾਬਾਦ, ਉਜੈਨ, ਬੜੌਦਾ, ਸੋਮਨਾਥ, ਦੁਆਰਕਾ, ਆਬੂ, ਅਜਮੇਰ, ਪੁਸ਼ਕਰ ਤੱਕ ਗੁਰੂ ਸਾਹਿਬ ਜੀ ਲਗਾਤਾਰ ਲੋਕਾਈ ਨੂੰ ਕਰਮਕਾਂਡਾਂ ਤੋਂ ਬਚਾਉਂਦੇ ਹੋਏ, ਇਕ ਅਕਾਲ ਪੁਰਖ ਦਾ ਸੰਦੇਸ਼ ਦਿੰਦੇ ਹੋਏ ਮਥੁਰਾ ਪਹੁੰਚੇ।

ਮਥੁਰਾ ਵਿਖੇ ਇਹ ਸਮਝਾਇਆ ਕਿ ਯੁੱਗਾਂ ਦੀ ਕੋਈ ਵੰਡ ਨਹੀਂ ਹੈ ਅਤੇ ਪਰਮਾਤਮਾ ਨੇ ਹਰ ਸਮੇਂ ਅਤੇ ਹਰ ਕਾਲ ਵਿਚ ਦਿਨ-ਰਾਤ ਇਕੋ ਜਿਹੇ ਬਣਾਏ ਹਨ, ਇਸ ਤਰ੍ਹਾਂ ਹਰ ਸਮੇਂ ਵਿਚ ਕਹੇ ਜਾਂਦੇ ਚਾਰੇ ਯੁਗਾਂ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ 'ਕਲਿਯੁਗ' ਨਾਮ ਦੀ ਕੋਈ ਚੀਜ਼ ਨਹੀਂ। ਲੋਕ ਭੈੜੇ ਕੰਮ ਤਾਂ ਆਪ ਕਰਦੇ ਹਨ ਪਰ ਇਹਨੂੰ ਕਲਿਯੁਗ ਦਾ ਪ੍ਰਭਾਵ ਦੱਸ ਕੇ ਲੋਕਾਂ ਨੂੰ ਕੁਰਾਹੇ ਪਾਉਂਦੇ ਹਨ।

ਦਿੱਲੀ ਵਿਖੇ ਮਜਨੂੰ ਭਗਤ ਅਤੇ ਪਾਨੀਪਤ ਵਿਖੇ ਸ਼ੇਖ ਤਾਹਰ ਨੂੰ ਪ੍ਰਭੂ ਦਾ ਸੱਚਾ ਗਿਆਨ ਬਖ਼ਸ਼ਿਆ। ਕੁਰਖੇਤਰ(ਕੁਰੂਕਸ਼ੇਤਰ) ਵਿਖੇ ਲੋਕਾਂ ਨੂੰ ਸੂਰਜ-ਗ੍ਰਹਿਣ ਦੀ ਅਸਲੀਅਤ ਦੱਸੀ।

ਦੂਜੇ ਮੁੱਖ ਦੌਰੇ 'ਤੇ ਆਪ ਸੁਮੇਰ ਪਰਬਤ ਗਏ ਅਤੇ ਸਿੱਧਾਂ ਜੋਗੀਆਂ ਨੂੰ ਸਮਝਾਇਆ ਕਿ ਘਰ-ਬਾਰ ਛੱਡ ਕੇ, ਜੰਗਲਾਂ ਤੇ ਪਹਾੜਾਂ ਵਿਚ ਰਹਿਣਾ, ਧਰਮ ਦਾ ਰਸਤਾ ਨਹੀਂ,ਸਗੋਂ ਆਪਣੇ ਪਰਿਵਾਰ ਵਿਚ ਰਹਿੰਦਿਆਂ ਹੋਇਆਂ, ਆਪਣੇ ਫਰਜ਼ ਪੂਰੇ ਕਰਦਿਆਂ ਹੋਇਆਂ, ਮਨ ਨੂੰ ਪ੍ਰਭੂ ਦੀ ਯਾਦ ਵਿਚ ਜੋੜੀ ਰੱਖਣਾ ਹੈ। ਵਿਕਾਰਾਂ ਤੋਂ ਬਚਣਾ ਤੇ ਸਮਾਜ ਸੇਵਾ ਕਰਨੀ ਹੈ। ਇਹ ਹੀ ਅਸਲੀ ਧਰਮ ਹੈ। ਵਾਪਸੀ ਕਸ਼ਮੀਰ ਦੇ ਇਲਾਕੇ ਮਟਨ ਵਿਚ ਪੰਡਤ ਬ੍ਰਹਮ ਦੱਤ ਨੂੰ ਵਿੱਦਿਆ ਦਾ ਹੰਕਾਰ ਤਿਆਗਣ ਨੂੰ ਕਿਹਾ ਤੇ ਸਮਝਾਇਆ ਕਿ ਕੇਵਲ ਧਾਰਮਿਕ ਗ੍ਰੰਥ ਪੜ੍ਹਨ ਤੇ ਲੋਕਾਂ ਨਾਲ ਬਹਿਸਾਂ ਕਰਨ ਨਾਲ ਪ੍ਰਭੂ ਖੁਸ਼ ਨਹੀਂ ਹੁੰਦਾ। ਪ੍ਰਭੂ ਤਾਂ ਪ੍ਰੇਮਾ ਭਗਤੀ ਉਤੇ ਹੀ ਰੀਝਦਾ ਹੈ। ਅਮਰਨਾਥ ਦੇ ਮੰਦਰ ਵੱਲ ਜਾਂਦੇ ਲੋਕਾਂ ਨੂੰ ਸ਼ਿਵ-ਲਿੰਗ ਦੀ ਪੂਜਾ ਤੋਂ ਹਟਾਇਆ ਅਤੇ ਉਥੋਂ ਜੰਮੂ ਵੱਲ ਤੁਰੇ। ਰਸਤੇ ਵਿਚ ਵੈਸ਼ਨੋਂ ਦੇਵੀ ਦੇ ਮੰਦਰ ਨੂੰ ਜਾ ਰਹੇ ਲੋਕਾਂ ਨੂੰ ਸਮਝਾਇਆ ਕਿ ਪ੍ਰਭੂ ਹੀ ਸਭ ਨੂੰ ਦਾਤਾਂ ਦਿੰਦਾ ਹੈ।

ਤੀਜੇ ਮੁੱਖ ਦੌਰੇ ਸਮੇਂ ਆਪ ਪਾਕਪਟਨ ਬਾਬਾ ਫ਼ਰੀਦ ਜੀ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਨੂੰ ਮਿਲੇ। ਇਸ ਤੋਂ ਬਾਅਦ ਤੁਲੰਭੇ ਵੱਲ ਗਏ।। ''ਸੱਜਣ'' ਨਾਮ ਦੇ ਮਨੁੱਖ ਨੂੰ ਧਾਰਮਿਕ ਭੇਖ ਬਣਾ ਕੇ ਲੋਕਾਂ ਨੂੰ ਲੁੱਟਣ ਤੋਂ ਹਟਾਇਆ ਅਤੇ ਧਰਮ-ਪ੍ਰਚਾਰ ਦੇ ਕੰਮ ਲਾ ਦਿੱਤਾ। ਮੱਕੇ ਵਿਚ ਪਹੁੰਚ ਕਿ ਸਮਝਾਇਆ ਕੇ ਪਰਮਾਤਮਾ ਸਰਬ-ਵਿਆਪਕ ਹੈ। ਉਹ ਕਿਸੇ ਧਰਮ ਅਸਥਾਨ ਤੱਕ ਸੀਮਤ ਨਹੀਂ। ਬਗ਼ਦਾਦ ਵਿਚ ਲੋਕਾਂ ਨੂੰ ਸਮਝਾਇਆ ਕਿ ਰਾਗ (ਸੰਗੀਤ) ਹਰਾਮ ਨਹੀਂ, ਸਗੋਂ ਪ੍ਰਭੂ ਦੀ ਉਸਤਤਿ ਲਈ ਰਾਗ (ਕੀਰਤਨ) ਇਕ ਉੱਤਮ ਸਾਧਨ ਹੈ। ਹਸਨ ਅਬਦਾਲ

(ਪੰਜਾ ਸਾਹਿਬ) ਵਿਖੇ ਆਪ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ।

ਵਾਪਸੀ ਤੇ ਸੈਦਪੁਰ (ਐਮਨਾਬਾਦ) ਪੁੱਜੇ ਤਾਂ ਬਾਬਰ ਨੇ ਫੌਜਾਂ ਨਾਲ ਹਮਲਾ ਕਰ ਦਿੱਤਾ, ਲੋਕਾਂ ਨੂੰ ਭਾਰੀ ਗਿਣਤੀ ਵਿਚ ਕਤਲ ਕੀਤਾ, ਲੁੱਟ ਮਾਰ ਕੀਤੀ। ਆਪ ਨੇ ਬਾਬਰ ਨੂੰ ਜਾਬਰ ਆਖਿਆ, ਉਸਦੀ ਕੈਦ ਵੀ ਕੱਟੀ। ਆਖਰ ਬਾਬਰ ਨੂੰ ਸਮਝ ਆ ਗਈ ਉਸਨੇ ਸਤਿਗੁਰਾਂ ਤੋਂ ਭੁੱਲ ਬਖਸ਼ਾਈ ਅਤੇ ਕਤਲੇਆਮ ਬੰਦ ਕਰ ਦਿੱਤਾ, ਇਸ ਹਮਲੇ ਬਾਰੇ ਸਤਿਗੁਰਾਂ ਨੇ ਚਾਰ ਸ਼ਬਦ ਉਚਾਰੇ ਹਨ।

1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ .....

(ਗੁਰੂ ਗ੍ਰੰਥ ਸਾਹਿਬ, ਪੰਨਾ–722)

2.ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥ ...

(ਗੁਰੂ ਗ੍ਰੰਥ ਸਾਹਿਬ, ਪੰਨਾ–360)

3. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ .....

(ਗੁਰੂ ਗ੍ਰੰਥ ਸਾਹਿਬ, ਪੰਨਾ–417)

4. ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥ .....

(ਗੁਰੂ ਗ੍ਰੰਥ ਸਾਹਿਬ, ਪੰਨਾ–417)

ਕਰਤਾਰਪੁਰ ਵਿਖੇ

ਹਰ ਪ੍ਰਚਾਰ ਦੌਰੇ ਉਪਰੰਤ ਗੁਰੂ ਸਾਹਿਬ ਪੰਜਾਬ ਪਰਤ ਆਉਂਦੇ ਸਨ। ਪਹਿਲੇ ਪ੍ਰਚਾਰ ਦੌਰੇ ਤੋਂ ਬਾਅਦ ਹੀ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਵਸਾਉਣ ਹਿਤ ਵਿਉਂਤ ਬਣਾਈ। ਮੁੱਖ ਤਿੰਨ ਪ੍ਰਚਾਰ ਦੌਰਿਆਂ ਤੋਂ ਬਾਅਦ ਸਿੱਖ ਕੌਮ ਦੀ ਤਿਆਰੀ ਹਿੱਤ ਵੱਡੇ ਉੱਦਮ ਕੀਤੇ ਅਤੇ ਪ੍ਰਚਾਰੇ ਧਰਮ ਨੂੰ ਹੁਣ ਪ੍ਰਬੰਧਕੀ ਰੂਪ ਦੇਣਾ ਸ਼ੁਰੂ ਕੀਤਾ। ਕਰਤਾਰਪੁਰ, ਜਿਥੇ ਆਮ ਸੰਸਾਰੀਆਂ ਵਾਂਗ ਗ੍ਰਹਿਸਤ ਜੀਵਨ ਗੁਜ਼ਾਰਿਆ, ਉਥੇ ਨਿਰੰਕਾਰੀ ਉਪਦੇਸ਼ ਭੀ ਦ੍ਰਿੜ ਕਰਾਇਆ। ਨਿਰਾ ਉਪਦੇਸ਼ ਹੀ ਨਹੀਂ ਸਗੋਂ ਆਪਣੇ ਅਮਲੀ ਜੀਵਨ ਰਾਹੀਂ ਗੁਰੂ ਪਾਤਸ਼ਾਹ ਜੀ ਨੇ ਲੋਕਾਈ ਨੂੰ ਸੌਖਾ ਰਾਹ ਦਿਖਾਇਆ। ਗ੍ਰਹਿਸਤੀ ਜੀਵਨ ਗੁਜ਼ਾਰਿਆ ਤੇ ਸੱਚਾ ਉਪਦੇਸ਼ ਦਿੱਤਾ।

ਗੁਰੂ ਜੀ ਦੀ ਕਰਤਾਰਪੁਰ ਵਿਖੇ ਨਿੱਤ ਦੀ ਕਾਰ ਸੀ, ਸਵੇਰੇ–ਸ਼ਾਮ ਸਤਿਸੰਗ ਕਰਨਾ। ਅੰਮ੍ਰਿਤ ਵੇਲੇ ਜਪੁਜੀ, ਸੰਧਿਆ ਵੇਲੇ ਸੋਦਰ ਦਾ ਗਾਇਨ ਤੇ ਰਾਤ ਨੂੰ ਸੋਹਿਲਾ। ਆਪ ਖੇਤੀ ਕਰਨੀ ਅਤੇ ਇਉਂ ਧਰਮ ਦੀ ਕਿਰਤ ਰਾਹੀਂ ਹੱਥੀਂ ਕੀਤੀ ਮਿਹਨਤ ਰਾਹੀਂ ਉਪਜਾਏ ਅੰਨ ਨਾਲ ਜਿਥੇ ਘਰ–ਪਰਵਾਰ ਦੀ ਸੇਵਾ ਸੰਭਾਲ ਕਰਦੇ, ਉਥੇ ਲੰਗਰ ਲਗਾ ਕੇ ਆਏ ਗਏ ਮੁਸਾਫਰ, ਸਿੱਖ ਸੰਗਤਾਂ ਤੇ ਲੋੜਵੰਦਾਂ ਨੂੰ ਭੀ ਛਕਾਉਂਦੇ। ਕਰਤਾਰਪੁਰ ਰਹਿ ਕੇ ਹੀ ਉਦਾਸੀਆਂ ਸਮੇਂ ਹੁਣ ਤੀਕ ਉਚਾਰੀ ਅਤੇ ਇਕੱਤਰ ਕੀਤੀ ਭਗਤਾਂ ਦੀ ਬਾਣੀ ਨੂੰ ਤਰਤੀਬ ਦਿੱਤੀ। ਦੂਰ–ਦੁਰਾਡੇ ਜੋ ਸੰਗਤਾਂ ਕਾਇਮ ਕੀਤੀਆਂ ਸਨ, ਉਨ੍ਹਾਂ ਨੂੰ ਕਰਤਾਰਪੁਰ ਦੇ ਕੇਂਦਰ ਨਾਲ ਜੋੜ

ਲਿਆ ਅਤੇ ਪੰਜਾਬ ਵਿਚ ਨਾਲ ਲਗਦੇ ਪਿੰਡਾਂ ਵਿਚ ਪ੍ਰਚਾਰ ਕਰਕੇ ਕੌਮ ਦੀ ਤਿਆਰੀ ਹਿੱਤ ਮੁੱਢ ਬੰਨ੍ਹਿਆ।

ਕਰਤਾਰਪੁਰ ਵਿਖੇ ਹੀ 1532 ਈ: ਨੂੰ ਭਾਈ ਲਹਿਣਾ ਜੀ ਆਪ ਜੀ ਦੇ ਦਰਸ਼ਨਾਂ ਨੂੰ ਆਏ ਤੇ ਫਿਰ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹੀ ਰਹੇ। ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਗੁਰਆਈ ਦੀ ਜ਼ਿੰਮੇਵਾਰੀ 18 ਸਤੰਬਰ 1539 ਈ: ਨੂੰ ਗੁਰੂ ਅੰਗਦ ਸਾਹਿਬ ਨੂੰ ਸੌਂਪ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਇਹ ਅਨੋਖੀ ਮਿਸਾਲ ਸੀ ਕਿ ਗੁਰੂ ਪਾਤਸ਼ਾਹ ਨੇ ਆਪਣੇ ਸਿੱਖ (ਚੇਲੇ) ਅੱਗੇ ਮੱਥਾ ਟੇਕਿਆ ਤੇ ਹੁਣ ਸਿੱਖ ਕੌਮ ਦੀ ਤਿਆਰੀ ਤੇ ਉਸ ਦੀ ਅਗਵਾਈ ਦੀ ਵਾਗ–ਡੋਰ ਗੁਰੂ ਅੰਗਦ ਸਾਹਿਬ ਪਾਤਸ਼ਾਹ ਦੇ ਸਪੁਰਦ ਕਰ ਦਿੱਤੀ। ਗੁਰਿਆਈ ਦੇ ਨਾਲ ਗੁਰੂ ਪਾਤਸ਼ਾਹ ਨੇ ਆਪਣੀ ਉਚਾਰੀ ਬਾਣੀ ਤੇ ਭਗਤਾਂ ਦੀ ਬਾਣੀ ਜੋ ਉਹ ਆਪਣੇ ਦੌਰਿਆਂ ਸਮੇਂ ਇਕੱਤਰ ਕਰਕੇ ਲਿਆਏ ਸਨ (ਜੋ ਕਿ ਪੋਥੀ ਸਾਹਿਬ ਵਿਚ ਸੰਕਲਿਤ ਸੀ), ਗੁਰੂ ਅੰਗਦ ਸਾਹਿਬ ਨੂੰ ਦੇ ਦਿੱਤੀ, ਤੇ ਆਪ 22 ਸਤੰਬਰ 1539 ਈ: ਨੂੰ ਜੋਤੀ ਜੋਤਿ ਸਮਾ ਗਏ।

****

2. ਮਾਤਾ ਤ੍ਰਿਪਤਾ ਜੀ

ਗੁਰੂ ਨਾਨਕ ਸਾਹਿਬ ਦਾ ਰਾਹ ਜਿਥੇ ਗ੍ਰਿਹਸਤ ਨੂੰ ਜੀਵਨ ਦਾ ਹਿੱਸਾ ਸਮਝ ਕੇ ਪ੍ਰਵਾਨ ਕਰਦਾ ਹੈ, ਉਥੇ ਮਾਤਾ ਪਿਤਾ ਪ੍ਰਤੀ ਫਰਜ਼ਾਂ ਨੂੰ ਨਿਭਾਉਣ ਲਈ ਪ੍ਰੇਰਦਾ ਹੈ। ਇਹ ਰਾਹ ਪਹਿਲਾਂ ਆਪਣੇ ਅਸੂਲਾਂ ਨੂੰ ਆਪ ਕਮਾ ਕੇ ਫਿਰ ਉਪਦੇਸ਼ ਕਰਨ ਦਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਆਪਣਾ ਜੀਵਨ ਅਮਲ ਵੀ ਇਨ੍ਹਾਂ ਅਮਲਾਂ ਅਤੇ ਕਦਰਾਂ ਕੀਮਤਾਂ ਅਨੁਸਾਰ ਸੀ। ਇਸ ਦੀ ਇਕ ਬੜੀ ਸੁੰਦਰ ਮਿਸਾਲ ਉਸ ਸਮੇਂ ਮਿਲਦੀ ਹੈ ਜਦੋਂ ਆਪ ਜੀ 1507 ਈ: ਵਿਚ 38 ਸਾਲ ਦੀ ਉਮਰੇ ਸੁਲਤਾਨ ਪੁਰ ਤੋਂ ਗੇਰੂਏ ਵਸਤਰ ਧਾਰਣ ਕਰਕੇ ਜਗਤ ਜਲੰਦੇ ਨੂੰ ਠਾਰਣ ਲਈ ਸੱਚ ਦਾ ਪ੍ਰਚਾਰ ਕਰਨ ਲਈ ਨਿਕਲਦੇ ਹਨ, ਉਸ ਸਮੇਂ ਭਾਈ ਮਰਦਾਨਾ ਜੀ ਆਪ ਦੇ ਨਾਲ ਸਨ। ਆਪ ਜੀ ਦੇ ਸਪੁੱਤਰ ਸ੍ਰੀ ਚੰਦ ਜੀ 14 ਸਾਲ ਦੀ ਚੜ੍ਹਦੀ ਜਵਾਨੀ ਦੇ ਮਾਲਕ ਅਤੇ ਲਖਮੀ ਚੰਦ ਜੀ 11 ਸਾਲ ਦੇ ਸਿਆਣੇ ਬਾਲਕ ਸਨ। ਜਦੋਂ ਆਪ ਜੀ ਨੇ ਜਾਚਿਆ ਕਿ ਪਰਿਵਰ ਸੰਭਲ ਚੁੱਕਾ ਹੈ, ਰਿਜ਼ਕ ਵੀ ਪ੍ਰਮਾਤਮਾ ਦਾ ਦਿੱਤਾ ਬਹੁਤ ਹੈ। ਹੁਣ ਵਾਹਿਗੁਰੂ ਵਲੋਂ ਬਖਸ਼ੇ ਗਿਆਨ ਨੂੰ ਪ੍ਰਚਾਰਨ ਦਾ ਸਹੀ ਸਮਾਂ ਹੈ। ਮਨੁੱਖਤਾ ਦੀ ਕੁਰਲਾਹਟ ਸੁਣ ਕੇ ਮਨੁੱਖਤਾ ਲਈ ਕੁਝ ਕਰਨ ਦੀ ਪ੍ਰੇਰਣਾ ਵੀ ਦਿਨੋ ਦਿਨ ਵੱਧ ਰਹੀ ਸੀ। ਅਖੀਰ ਦੁਖੀ ਲੋਕਾਈ ਦੀ ਪੁਕਾਰ ਸੁਣ ਕੇ ਆਪ ਜੀ ਨੇ ਪ੍ਰਚਾਰ ਦੌਰੇ ਦਾ ਫੈਸਲਾ ਲਿਆ। ਸਭ ਤੋਂ ਪਹਿਲਾਂ ਉਦਾਸੀ ਵੇਸ ਵਿਚ ਤਲਵੰਡੀ ਵਿਖੇ ਮਾਤਾ–ਪਿਤਾ ਦੀ ਆਗਿਆ ਲੈਣ ਲਈ ਹੀ ਆਏ। ਇਸ ਨਾਲ

ਜਿਥੇ ਗੁਰੂ ਨਾਨਕ ਸਾਹਿਬ ਦਾ ਮਾਤਾ ਪਿਤਾ ਪ੍ਰਤੀ ਅਥਾਹ ਸਤਿਕਾਰ ਪ੍ਰਗਟ ਹੁੰਦਾ ਹੈ, ਉਥੇ ਉਸ ਸਮੇਂ ਆਪ ਜੀ ਦੇ 67 ਸਾਲ ਦੇ ਬਿਰਧ ਪਿਤਾ ਅਤੇ 65 ਸਾਲ ਦੀ ਬਿਰਧ ਮਾਤਾ ਵਲੋਂ ਵੱਡੇ ਜਿਗਰੇ ਨਾਲ ਆਪ ਜੀ ਨੂੰ ਅਸੀਸ ਦੇ ਕੇ ਤੋਰਨਾ ਵੀ ਮਾਤਾ-ਪਿਤਾ ਵਲੋਂ ਆਪ ਦੇ ਉਦੇਸ਼ ਪ੍ਰਤੀ ਸਹਿਮਤੀ ਪ੍ਰਗਟਾਉਂਦਾ ਹੈ। ਨਿਰਾ ਆਪ ਨੂੰ ਹੀ ਅਸੀਸ ਦੇ ਕੇ ਨਹੀਂ ਟੋਰਿਆ ਸਗੋਂ ਭਾਈ ਮਰਦਾਨਾ ਜੀ ਦੇ ਪਰਿਵਾਰ ਦੀ ਸੰਪੂਰਨ ਦੇਖ-ਰੇਖ ਦਾ ਜ਼ਿੰਮਾ ਵੀ ਉਠਾ ਲਿਆ ਅਤੇ ਭਾਈ ਮਰਦਾਨਾ ਜੀ ਦੇ ਘਰ ਵੀ ਅੰਨ ਪਾਣੀ ਦੀ ਤੋਟ ਨਹੀਂ ਆਉਣ ਦਿੱਤੀ। ਪੁੱਤਰ ਦੇ ਉਦੇਸ਼ ਨੂੰ ਇਸ ਤਰ੍ਹਾਂ ਸਮਰਪਿਤ ਮਾਪੇ ਵੀ ਵਿਰਲੇ ਹੀ ਹੁੰਦੇ ਹਨ। ਆਪ ਜੀ ਦੀ ਅਦਭੁੱਤ ਲਗਨ ਨੂੰ ਦੇਖਦਿਆਂ ਜਿਥੇ ਅਤਿ ਦਾ ਪਿਆਰ ਹੁੰਦਿਆਂ ਵੀ ਬੇਬੇ ਨਾਨਕੀ, ਭਾਈਆ ਜੈ ਰਾਮ ਜੀ, ਬੀਬੀ ਸੁਲੱਖਣੀ ਜੀ ਅਤੇ ਪੁੱਤਰਾਂ ਨੇ ਆਪ ਜੀ ਦੇ ਉਦੇਸ਼ ਪ੍ਰਤੀ ਸਹਿਮਤੀ ਪ੍ਰਗਟਾਉਂਦਿਆਂ ਪਿੱਛੇ ਦਾ ਫ਼ਿਕਰ ਨਾ ਕਰਨ ਲਈ ਕਹਿ ਕੇ ਆਪ ਜੀ ਦਾ ਉਤਸ਼ਾਹ ਵਧਾਇਆ, ਉਥੇ ਪਿਤਾ ਕਲਿਆਣ ਦਾਸ ਜੀ ਨੇ ਤਾਂ ਪਿਛੇ ਦੀ ਸੰਪੂਰਣ ਜਿੰਮੇਵਾਰੀ ਚੁੱਕ ਪੁੱਤਰ ਦੀ ਪਿੱਠ ਤੇ ਖੜੋ ਕੇ ਅਸੀਸ ਦਿੱਤੀ ਹੀ ਪਰ ਉਸ ਸਮੇਂ ਮਾਤਾ ਤ੍ਰਿਪਤਾ ਜੀ ਨੇ ਆਪਣੇ ਰੱਬ ਰੂਪ ਪੁੱਤਰ ਨੂੰ ਜੋ ਅਸੀਸ ਦਿੱਤੀ ਉਹ ਕੁੱਲ ਮਨੁੱਖਤਾ ਦੀਆ ਮਾਵਾਂ ਲਈ ਪ੍ਰੇਰਨਾ ਸ੍ਰੋਤ ਹੈ। ਉਸ ਸਮੇਂ ਹੋਈ ਵਾਰਤਾਲਾਪ ਕੁਝ ਇਸ ਤਰ੍ਹਾਂ ਕਲਮਬੰਦ ਕੀਤੀ ਜਾ ਸਕਦੀ ਹੈ:

ਗੁਰੂ ਨਾਨਕ ਸਾਹਿਬ ਜੀ :– ਚੰਗਾ ਮਾਤਾ ਜੀਓ! ਅਸੀਸ ਦਿਓ ਤਾਂ ਕਿ ਅਸੀਂ ਆਪਣੇ ਉਦੇਸ਼ ਵਿਚ ਸਫਲ ਹੋ ਸਕੀਏ।

ਮਾਤਾ ਜੀ:– ਪੁੱਤਰ ਜੀ ! ਮੇਰੀਆਂ ਅਸੀਸਾਂ ਤਾਂ ਸਦਾ ਆਪ ਜੀ ਦੇ ਨਾਲ ਹਨ। ਆਪ ਆਪਣੇ ਦਿਲ ਵਿਚ ਜਗਤ ਜਲੰਦੇ ਲਈ ਜੋ ਦਰਦ ਲੈ ਕੇ ਨਿਕਲੇ ਹੋ ਉਸ ਦੇ ਨਿਵਾਰਨ ਲਈ ਪਰਮਾਤਮਾ ਸਦਾ ਆਪਦਾ ਸਹਾਈ ਹੋਵੇ।

ਗੁਰੂ ਸਾਹਿਬ ਜੀ :– ਮਾਤਾ ਜੀ! ਆਪ ਜੀ ਆਪਣੀ ਅਤੇ ਪਿਤਾ ਜੀ ਦੀ ਸਿਹਤ ਦਾ ਖਿਆਲ ਰੱਖਣਾ। ਮੈਂ ਇਸ ਉਮਰੇ ਆਪ ਜੀ ਦੀ ਸੇਵਾ ਤੋਂ ਵਾਂਝਾ ਹੀ ਰਹਾਂਗਾ। ਇਹ ਗੱਲ ਮੈਨੂੰ ਕਦੀ ਕਦੀ ਰੋਕਦੀ ਹੈ।

ਮਾਤਾ ਜੀ :– ਨਾ ਲਾਲ ਜੀ। ਤੁਹਾਡੇ ਇਹ ਲਾਲ ਸ੍ਰੀ ਚੰਦ ਤੇ ਲਖਮੀ ਚੰਦ ਸਾਡੇ ਬੁਢਾਪੇ ਦੀ ਡੰਗੋਰੀ ਹੀ ਤਾਂ ਹਨ। ਹੋਰ ਇਥੇ ਕਿਸੇ ਕਿਸਮ ਦਾ ਕੋਈ ਫਿਕਰ ਵੀ ਨਹੀਂ। ਸੁਲਖਣੀ ਵੀ ਸਦਾ ਬੇਟੀਆਂ ਵਾਂਗ ਸਤਿਕਾਰ ਦਿੰਦੀ ਹੈ। ਤੁਹਾਡੀ ਬੰਦਗੀ ਸਦਕਾ ਸਾਰਾ ਨਗਰ ਸਨਮਾਨ ਦਿੰਦਾ ਹੈ। ਇਸ ਲਈ ਸੰਸਾ ਨਹੀਂ ਕਰਨਾ। ਫਿਰ ਆਪ ਜੀ ਕਿਹੜਾ ਸਦਾ ਲਈ ਜਾ ਰਹੇ ਹੋ?

ਗੁਰੂ ਨਾਨਕ ਸਾਹਿਬ ਜੀ :– ਬਿਖੜੇ ਰਾਹਾਂ ਤੇ ਕੱਲ੍ਹ ਕਿਸ ਦੇਖਿਆ ਹੈ? ਵਾਹਿਗੁਰੂ ਨੇ ਚਾਹਿਆ ਤਾਂ ਫਿਰ ਮੇਲੇ ਹੋਣਗੇ।

ਮਾਤਾ ਜੀ:– ਲਾਲ ਜੀ ! ਭਾਵੇਂ ਆਪ ਬਹੁਤ ਯਾਦ ਆਵੋਗੇ। ਸਾਡੀਆਂ ਅੱਖਾਂ ਹਰ ਵਕਤ ਆਪਦੇ ਦਰਸ਼ਨਾਂ ਨੂੰ ਤਰਸਣਗੀਆਂ ਪਰ ਫਿਰ ਵੀ ਮੈਂ ਕੈਸੀ ਵਡਭਾਗੀ ਮਾਂ ਹੋਵਾਂਗੀ ਜਿਸ ਦਾ ਲਾਲ ਪਰਿਵਾਰ ਦੇ ਦੋ ਚਾਰ ਜੀਆਂ ਦਾ ਨਹੀਂ ਸਗੋਂ ਸਾਰੀ ਮਨੁੱਖਤਾ ਦਾ ਦਰਦ ਆਪਣੇ ਦਿਲ ਵਿਚ ਰੱਖ ਕੇ ਘਰੋਂ ਟੁਰਿਆ ਹੈ।

ਗੁਰੂ ਨਾਨਕ ਸਾਹਿਬ ਜੀ :– ਮਾਤਾ ਜੀ ! ਇਹ ਸਭ ਤਾਂ ਆਪ ਦੀਆਂ ਹੀ ਅਸੀਸਾਂ ਦਾ ਫਲ ਹੈ।

ਮਾਤਾ ਜੀ:– ਮੇਰਾ ਪੁੱਤਰ ਤਾਂ ਹੈ ਹੀ ਰੱਬ ਦਾ ਰੂਪ। ਲੋਕਾਂ ਦੇ ਪੁੱਤਰ ਤਾਂ ਪੈਸੇ, ਰਿਜ਼ਕ ਅਤੇ ਵਣਜ ਲਈ ਘਰੋਂ ਬਾਹਰ ਜਾਂਦੇ ਹਨ ਪਰ ਮੇਰਾ ਪੁੱਤਰ ਤਾਂ ਪਿਆਰ ਦੀ ਰਾਸ ਲੈ ਕੇ ਸਭ ਲਈ ਪਿਆਰ ਦਾ ਵਣਜ ਕਰਨ ਨਿਕਲਿਆ ਹੈ।

ਗੁਰੂ ਨਾਨਕ ਸਾਹਿਬ ਜੀ:– ਇਹ ਸਭ ਵੀ ਵਾਹਿਗੁਰੂ ਦੀ ਬਖਸ਼ਿਸ ਅਤੇ ਆਪ ਦੀ ਸਿੱਖਿਆ ਅਤੇ ਸੰਸਕਾਰਾਂ ਸਦਕਾ ਹੀ ਹੈ।

ਮਾਤਾ ਜੀ :– ਸੁਖੀ ਵਸੋ ਲਾਲ ਜੀ ! ਜਾਉ ਅਤੇ ਜਲ ਰਹੇ ਜਗਤ ਦੀ ਤਪਸ਼ ਮਿਟਾ ਕੇ ਜਿਥੇ ਤੱਕ ਹੋ ਸਕੇ ਠੰਡ ਵਰਤਾਉਣ ਦਾ ਸੁਭਾਗ ਪ੍ਰਾਪਤ ਕਰੋ।

ਗੁਰੂ ਸਾਹਿਬ ਜੀ :– ਅੱਛਾ ਮਾਤਾ ਜੀ! ਵਾਹਿਗੁਰੂ ਭਲੀ ਕਰੇ ਅਤੇ ਆਪ ਜੀ ਦੀ ਅਸੀਸ ਸਦਕਾ ਐਸਾ ਹੀ ਹੋਵੇ।

ਐਸੇ ਸਨ ਗੁਰੂ ਨਾਨਕ ਸਾਹਿਬ ਵਰਗੀ ਅਦੁੱਤੀ ਸ਼ਖਸੀਅਤ ਨੂੰ ਜਨਮ ਦੇਣ ਵਾਲੇ ਸੁਭਾਗੇ ਮਾਤਾ ਤ੍ਰਿਪਤਾ ਜੀ। ਮਨੁੱਖਤਾ ਲਈ ਦਰਦ, ਲੋੜਵੰਦਾਂ ਲਈ ਸੇਵਾ ਅਤੇ ਵੰਡ ਛਕਣ ਵਰਗੇ ਮਹਾਨ ਗੁਣਾਂ ਦੇ ਆਪ ਮਾਲਕ ਸਨ। ਬੇਬੇ ਨਾਨਕੀ ਜੀ ਅਤੇ ਬਾਬਾ ਨਾਨਕ ਜੀ ਉੱਤੇ ਆਪ ਦੇ ਇਨ੍ਹਾਂ ਗੁਣਾਂ ਦਾ ਪ੍ਰਭਾਵ ਪ੍ਰਤੱਖ ਸੀ। ਇਹੋ ਜਿਹੀ ਮਹਾਨ ਰੂਹ ਨੇ ਖੁੱਦ ਵੀ ਸੁਭਾਗੇ ਮਾਂ ਬਾਪ ਦੇ ਘਰ ਹੀ ਜਨਮ ਲਿਆ। ਪਿਤਾ ਰਾਮਾ ਜੀ ਅਤੇ ਮਾਤਾ ਭਿਰਾਈ ਜੀ ਤ੍ਰਿਪਤਾ ਵਰਗੀ ਧੀ ਘਰ ਵਿਚ ਪਾ ਕੇ ਧੰਨ ਹੋ ਗਏ। ਵੀਰ ਕ੍ਰਿਸ਼ਨਾ ਜੀ ਆਪ ਨਾਲ ਅਤਿ ਦਾ ਪਿਆਰ ਕਰਦੇ। ਇਹੀ ਪਿਆਰ ਵਧਕੇ ਬੇਬੇ ਨਾਨਕੀ ਅਤੇ ਬਾਲਕ ਨਾਨਕ ਨੂੰ ਵੀ ਉਤਨੇ ਹੀ ਵਿਸ਼ਾਲ ਰੂਪ ਵਿਚ ਮਿਲਿਆ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਥਾਣਾ ਬਰਕੀ ਜਿਲ੍ਹਾ ਲਾਹੌਰ ਹੈ। ਚੜ੍ਹਦੀ ਉਮਰੇ ਆਪ ਦੀ ਸ਼ਾਦੀ ਰਾਇ ਭੋਂਇ ਦੀ ਤਲਵੰਡੀ ਦੇ ਵਸਨੀਕ ਮਹਿਤਾ ਕਲਿਆਣ ਦਾਸ ਜੀ ਨਾਲ ਹੋਈ। ਜੋ ਕਿ ਤਲਵੰਡੀ ਦੇ ਹਾਕਮ ਰਾਏ ਬੁਲਾਰ ਦੇ ਪਟਵਾਰੀ ਸਨ। ਪਰ ਆਮ ਲੋਕਾਂ ਨੂੰ ਤੰਗ ਕਰਨ ਵਾਲੇ ਪਟਵਾਰੀ ਨਹੀਂ ਸਗੋਂ ਗਰੀਬਾਂ ਅਤੇ ਦੀਨਾਂ ਦੁਖੀਆਂ ਦਾ ਖਿਆਲ ਰੱਖਣ ਵਾਲੇ ਪਟਵਾਰੀ ਸਨ ਅਤੇ ਇਸੇ ਗੁਣ ਕਰਕੇ ਕੋਮਲ ਦਿਲ ਰਾਏ ਬੁਲਾਰ ਦੇ ਵਿਸ਼ਵਾਸ ਪਾਤਰ ਅਤੇ ਚਹੇਤੇ ਸਨ। ਇਹੀ ਰਾਇ ਬੁਲਾਰ ਗੁਰੂ ਨਾਨਕ ਸਾਹਿਬ ਦਾ ਅਤਿ ਦਾ ਪਿਆਰਾ ਸਿੱਖ ਹੋਇਆ। ਛੋਟੀ ਉਮਰੇ ਹੀ ਇਸ ਨੇ ਗੁਰੂ ਸਾਹਿਬ ਨੂੰ ਰੱਬ ਰੂਪ ਸਮਝ ਕੇ ਸਤਿਕਾਰ

ਦੇਣਾ ਸ਼ੁਰੂ ਕਰ ਦਿੱਤਾ ਸੀ।

ਮਹਿਤਾ ਕਲਿਆਣ ਦਾਸ ਅਤੇ ਤ੍ਰਿਪਤਾ ਜੀ ਦੀ ਜੋੜੀ ਗੁਣਾਂ ਪੱਖੋ, "ਜੋੜੀਆਂ ਜੱਗ ਥੋੜੀਆਂ" ਵਿਚੋਂ ਸੀ। ਇਸ ਗੁਣ ਭਰਪੂਰ ਜੋੜੀ ਘਰ 1464 ਵਿਚ ਪਹਿਲੀ ਬੱਚੀ ਨਾਨਕੀ ਨੇ ਜਨਮ ਲਿਆ ਜੋ ਖੁੱਦ ਵੀ ਸਿਆਣੀ, ਕੋਮਲ ਚਿੱਤ ਅਤੇ ਮਾਤਾ ਪਿਤਾ ਵਾਂਗ ਹੀ ਦਰਦਵੰਦ ਸੀ। 1469 ਵਿਚ ਗੁਰੂ ਨਾਨਕ ਸਾਹਿਬ ਵਰਗਾ ਨੂਰ ਇਸ ਜੋੜੀ ਦੀ ਝੋਲੀ ਆਣ ਪਿਆ। ਜਨਮ ਦੇ ਨਾਲ ਮਾਤਾ ਪਿਤਾ ਅਤੇ ਭੈਣ ਦੇ ਨੇਕ ਸੰਸਕਾਰ ਵੀ ਮਿਲੇ।

ਇਸ ਜਗਤ ਜਲੰਦੇ ਦੇ ਤਾਰਨਹਾਰ ਗੁਰੂ ਸਾਹਿਬ ਨੇ ਕਦੀ ਵੀ ਆਪਣੇ ਮਾਤਾ ਪਿਤਾ ਤੋਂ ਮੁੱਖ ਨਹੀਂ ਮੋੜਿਆ। ਇਕਲੌਤੇ ਪੁੱਤਰ ਹੋਣ ਦੀ ਆਪਣੀ ਜਿੰਮੇਵਾਰੀ ਦਾ ਅਹਿਸਾਸ ਆਪ ਨੂੰ ਸਦਾ ਹੀ ਰਿਹਾ। ਮਾਤਾ ਪਿਤਾ ਵੀ ਐਸੇ ਸਪੁੱਤਰ ਨੂੰ ਪਾ ਕੇ ਧੰਨ ਸਨ ਅਤੇ ਸਪੁੱਤਰ ਦੇ ਜੀਵਨ ਉਦੇਸ਼ ਦੀ ਸਮਝ ਆਉਣ ਉਤੇ ਸਦਾ ਹੀ ਉਸ ਨਾਲ ਸਹਿਮਤੀ ਪ੍ਰਗਟਾਉਂਦਿਆਂ ਉਸ ਦੀ ਪਿੱਠ ਤੇ ਖੜੇ ਰਹੇ। ਗੁਰੂ ਸਾਹਿਬ ਨੇ ਵੀ ਉਦਾਸੀਆਂ (ਪ੍ਰਚਾਰ ਦੌਰਿਆਂ) ਦਾ ਲੰਮਾ ਸਮਾਂ ਪਿੱਛੇ ਦੇ ਇਸ ਪਿਆਰ ਅਤੇ ਭਰੋਸੇ ਸਦਕਾ ਹੀ ਕੱਟਿਆ ਅਤੇ ਆਪਣੇ ਉਦੇਸ਼ ਵਿਚ ਵੱਧ ਤੋਂ ਵੱਧ ਸਫਲ ਹੋਏ।

ਪਹਿਲੀ ਪ੍ਰਚਾਰ ਫੇਰੀ ਤੋਂ ਬਾਅਦ 1515 ਵਿਚ ਜਦੋਂ ਅੱਠ ਸਾਲ ਬਾਅਦ ਗੁਰੂ ਜੀ ਘਰ ਵਾਪਸ ਆਏ ਤਾਂ ਕਰਤਾਰਪੁਰ ਨਗਰ ਵਸਾ ਕੇ ਸਾਰੇ ਪਰਿਵਾਰ ਦਾ ਟਿਕਾਣਾ ਉਥੇ ਹੀ ਕਰ ਦਿੱਤਾ। ਨੂੰਹ ਸੱਸ ਦੇ ਪਰਸਪਰ ਪਿਆਰ ਅਤੇ ਦਾਦੇ ਪੋਤਿਆਂ ਦੇ ਪਰਸਪਰ ਲਾਡ ਪਿਆਰ ਨੇ ਆਪ ਜੀ ਦਾ ਉਤਸ਼ਾਹ ਵਧਾਇਆ ਤਾਂ ਫਿਰ ਦੂਜੀ ਅਤੇ ਤੀਜੀ ਫੇਰੀ ਸਮੇਂ ਆਪ ਜੀ ਇਸ ਅਥਾਹ ਪਿਆਰ ਸਦਕਾ ਹੋਰ ਵੀ ਨਿਰਸੰਕੋਚ ਹੋ ਵਿਚਰੇ। ਤੀਜੀ ਫੇਰੀ ਸਮੇਂ ਮਾਤਾ-ਪਿਤਾ ਦੀ ਬਿਰਧ ਅਵਸਥਾ ਕਾਰਨ ਹੀ ਆਪ ਜੀ ਤਿੰਨ ਸਾਲ ਦੇ ਛੋਟੇ ਵਕਫੇ ਬਾਅਦ ਜਲਦੀ ਵਾਪਸ ਆ ਗਏ। 1521 ਵਿਚ ਆਪ ਜੀ ਵਾਪਸ ਆਏ ਅਤੇ 1522 ਵਿਚ ਸੁਭਾਗੇ ਮਾਤਾ-ਪਿਤਾ ਇਕੱਠੇ ਹੀ ਤਿੰਨ ਦਿਨ ਦੇ ਫਰਕ ਨਾਲ ਗੁਰਪੁਰੀ ਸਿਧਾਰ ਗਏ।

ਗੁਰੂ ਸਾਹਿਬ ਨੇ ਹੱਥੀਂ ਸਸਕਾਰ ਕੀਤਾ ਅਤੇ ਪਰਪੰਚੀ ਕਰਮਕਾਂਡਾਂ ਵਿਚ ਪੈਣ ਦੀ ਥਾਂ ਇਕ ਵਾਹਿਗੁਰੂ ਨੂੰ ਯਾਦ ਕਰਨ ਦਾ ਉਪਦੇਸ਼ ਸਭ ਨੂੰ ਦਿੱਤਾ।

ਜਿਥੇ ਗੁਰੂ ਸਾਹਿਬ ਦੀ ਘਾਲ ਕਮਾਈ ਕਾਰਨ ਸਿੱਖ ਧਰਮ ਸ਼ੁਰੂ ਵਿਚ ਹੀ ਆਪਣੇ ਪੈਰਾਂ ਤੇ ਖੜੋ ਸਕਿਆ ਉਥੇ ਆਪ ਦੇ ਮਾਤਾ-ਪਿਤਾ ਦੀ ਪਿੱਛੇ ਰਹਿ ਕੇ ਦਿੱਤੀ ਮਦਦ ਆਪਣੇ ਆਪ ਵਿਚ ਅਦੁੱਤੀ ਮਿਸਾਲ ਹੈ ਅਤੇ ਸਾਰੀ ਮਨੁੱਖਤਾ ਦੇ ਮਾਤਾ ਪਿਤਾ ਲਈ ਪ੍ਰੇਰਨਾ ਹੈ।

***

3. ਭਾਈ ਮਰਦਾਨਾ ਜੀ

ਭਾਈ ਮਰਦਾਨਾ ਜੀ ਚੌਂਭੜ ਜ਼ਾਤ ਦੇ ਮਿਰਾਸੀ ਮੀਰ ਬਾਦਰੇ ਜੀ ਦੇ ਸਪੁੱਤਰ ਸਨ। ਇਨ੍ਹਾਂ ਦਾ ਜਨਮ ਤਲਵੰਡੀ ਵਿਚ ਫਰਵਰੀ 1460 ਈ: ਨੂੰ ਹੋਇਆ। ਇਹ ਗੁਰੂ ਨਾਨਕ ਪਾਤਸ਼ਾਹ ਜੀ ਨਾਲੋਂ ਉਮਰ ਵਿਚ 9 ਸਾਲ 2 ਮਹੀਨੇ ਵੱਡੇ ਸਨ। ਮਿਰਾਸੀ ਹੋਣ ਕਰਕੇ ਇਨ੍ਹਾਂ ਨੂੰ ਬਚਪਨ ਤੋਂ ਹੀ ਸੰਗੀਤ ਰਾਗ ਦੀ ਸਿੱਖਿਆ ਮਿਲੀ ਹੋਈ ਸੀ। ਇਨ੍ਹਾਂ ਨੂੰ ਖ਼ੁਦ ਵੀ ਸੰਗੀਤ ਦਾ ਬਹੁਤ ਚਾਅ ਸੀ। ਇਨ੍ਹਾਂ ਦਾ ਤੰਤੀ ਸਾਜ਼ ਰਬਾਬ ਸੀ।ਮਰਦਾਨੇ ਦਾ ਸਾਥ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਛੋਟੀ ਉਮਰ ਤੋਂ ਹੀ ਬਣ ਗਿਆ। ਗੁਰੂ ਪਾਤਸ਼ਾਹ ਜੀ ਦੇ ਪਿਤਾ, ਮਹਿਤਾ ਕਲਿਆਣ ਦਾਸ ਜੀ, ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ, ਇਸ ਲਈ ਮਰਦਾਨਾ ਜੀ ਦੇ ਪਿਤਾ ਮੀਰ ਬਾਦਰੇ ਜੀ ਦਾ, ਬਾਬਾ ਕਲਿਆਣ ਦਾਸ ਜੀ ਦੇ ਪਾਸ ਨਿੱਤ ਆਉਂਦੇ ਜਾਂਦੇ ਰਹਿਣਾ ਕੁਦਰਤੀ ਗੱਲ ਸੀ। ਇਸ ਘਰੋਂ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਸਨ। ਮਰਦਾਨਾ ਜੀ ਦੇ ਗੁਣ ਦੀ ਕਦਰ ਕਰਨ ਵਾਲੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਨੂੰ ਆਪਣਾ ਬਣਾ ਲਿਆ।

'ਸਿੱਖਾਂ ਦੀ ਭਗਤਮਾਲਾ' ਵਿਚ ਦਰਜ ਹੈ:-

"ਇਕ ਦਿਨ ਗੁਰੂ ਨਾਨਕ ਪਾਤਸ਼ਾਹ ਜੀ ਰਾਇ ਭੋਇ ਦੀ ਤਲਵੰਡੀ ਬੈਠੇ ਸਨ ਤੇ ਇਕ ਡੂੰਮ ਆਇਕੇ ਰਬਾਬ ਵਜਾਇਆ ਤੇ ਰਾਗੁ ਅਲਾਪਿਆ, ਤਿਸੁ ਦਾ ਰਾਗੁ ਸੁਣਿ ਕੈ ਮਨੁ ਇਕਾਗਰ ਹੋਇਆ ਤਾਂ ਸਾਹਿਬ ਜੀ ਨੇ ਪੁੱਛਿਆ," ਭਾਈ! ਤੇਰਾ ਨਾਉਂ ਕੀ ਹੈ?" ਤਾਂ ਉਸ ਨੇ ਕਿਹਾ," ਜੀ! ਮੇਰਾ ਨਾਉਂ ਦਾਨਾ ਮਿਰਾਸੀ ਲੋਕ ਕਹਿੰਦੇ ਹੈਨਿ।" ਬਚਨ ਹੋਇਆ," ਤੂੰ ਰਬਾਬ ਭਲੀ ਵਜਾਉਂਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਸਾਡੀ ਸੰਗਤ ਕਰੇਂ ਤੇ ਏਹ ਰਾਗ ਸ਼ਬਦ ਪਾਇਕੈ ਗਾਵੈਂ, ਤਾਂ ਅਸੀਂ ਤੇਰਾ ਦੀਨ-ਦੁਨੀ ਵਿਚ ਉਧਾਰ ਕਰੀਏ।" ਤਾਂ ਉਸ ਆਖਿਆ," ਜੀ ਅਸੀਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਵਦੇ ਹਾਂ, ਆਪਣੇ ਧੀਆਂ ਪੁੱਤਰਾਂ ਦੀ ਗੁਜ਼ਰਾਨ ਕਰਦੇ ਹਾਂ ਤੇ ਪੰਜ ਵੇਲੇ ਨਿਮਾਜ਼ ਪੜ੍ਹਦੇ ਹਾਂ ਤੇ ਤੀਹ ਰੋਜ਼ੇ ਰਮਜ਼ਾਨ ਰੱਖਦੇ ਹਾਂ। ਅਸਾਡਾ ਦੀਨ ਦਾ ਭਲਾ ਹੁੰਦਾ ਹੈ, ਅਸੀਂ ਜੇ ਤੇਰੇ ਨਾਲ ਲੱਗਾਂਗੇ, ਤਾਂ ਦੁਨੀਆਂ ਦੇ ਜੋ ਕੁਟੰਬੀ ਹੈਨਿ, ਸੋ ਸਭ ਭੁੱਖ ਨਾਲ ਮਰ ਜਾਵਨਿਗੇ ਤੇ ਅਗੋਂ ਨਿਵਾਜ਼ ਰੋਜ਼ਾ ਨਾ ਹੋਵੇਗਾ। ਦੀਨ ਭੀ ਤੇ ਦੁਨੀ ਭੀ ਅਸਾਡੈ ਦੋਵੈਂ ਜਾਵੈਂਗੇ। ਤੁਸੀਂ ਉਧਾਰੁ ਕਿਸ ਤਰ੍ਹਾਂ ਕਰੋਗੇ?" ਤਾਂ ਪਾਤਸ਼ਾਹ ਜੀ ਨੇ ਬਚਨ ਕੀਤਾ,"ਦਾਨਿਆ ਤੂੰ ਦਿਵਾਨਾ ਹੋਇਆ ਹੈਂ? ਸਾਰੀ ਸ੍ਰਿਸ਼ਟਿ ਦੀ ਪਾਲਨਾ ਈਸ਼ਵਰ ਕਰਦਾ ਹੈ ਕਿ ਤੂੰ ਕਰਦਾ ਹੈਂ? ਏਹੁ ਦਿਵਾਨਿਆਂ ਦੀ ਬ੍ਰਿਤਿ ਹੈ ਜੋ ਤੂੰ ਆਪਣੇ ਸਿਰ ਕੁਟੰਬੀਆਂ ਦਾ ਭਾਰ ਚੁੱਕ ਲੀਤਾ ਹੈ, ਨਹੀਂ ਤਾਂ ਸਭਨਾਂ ਜੀਆਂ ਦੀ ਪਾਲਣਾ ਵਾਹਿਗੁਰੂ ਕਰਦਾ ਹੈ ਤੇ ਦੂਜਾ ਤੁਧ ਕਿਹਾ ਜੋ ਨਿਵਾਜ਼ ਰੋਜ਼ਾ ਕਰਕੈ ਮੇਰਾ ਭਲਾ ਹੋਵੈਗਾ, ਤਾਂ ਆਖ ਵੇਖਾਂ,

ਨਿਮਾਜ਼ ਤੇ ਰੋਜ਼ੇ ਦਾ ਅਰਥ ਕਿਆ ਹੈ ਤੇ ਕਿਤਨੇ ਵੇਲੇ ਨਿਮਾਜ਼ ਤੇ ਰੋਜ਼ਾ ਜਗਤ ਵਿਚ ਆਂਵਦਾ ਹੈ? ਤਾਂ ਅੱਗੋਂ ਮਰਦਾਨਾ ਜੀ ਆਖਿਆ," ਜੀ! ਨਿਮਾਜ ਰੋਜ਼ੇ ਦਾ ਅਰਥ ਮੈਂ ਨਹੀਂ ਜਾਣਦਾ, ਪਰ ਇਤਨਾ ਜਾਣਦਾ ਹਾਂ ਜੋ ਪੰਜ ਵੇਲੇ ਨਿਮਾਜ਼ ਨਿਤ ਆਂਵਦੀ ਹੈ। ਇਕੁ ਮਹੀਨਾ ਰਮਜ਼ਾਨ ਦੇ ਰੋਜ਼ੇ ਨਿਤ ਵਰਸ ਦੇ ਵਰਸ ਜਗਤੁ ਵਿਚ ਆਂਵਦੇ ਹੈਨਿ। ਤਾਂ ਪਾਤਸ਼ਾਹ ਸਾਹਿਬ ਜੀ ਦਾ ਬਚਨ ਹੋਆ: ਹੋਰਸ ਵੇਲੇ ਨਿਮਾਜ਼ ਤੇ ਰੋਜ਼ੇ ਕਿਥੇ ਰਹਿੰਦੇ ਹੈਨਿ? ਤਾਂ ਮਰਦਾਨੇ ਆਖਿਆ," ਖੁਦਾਇ ਦੇ ਘਰੁ"। ਬਚਨ ਹੋਆ," ਖੁਦਾਇ ਦਾ ਘਰੁ ਕੌਨ ਹੈ?" ਉਸ ਆਖਿਆ," ਜੀ ਮੈਂ ਡਿੱਠਾ ਨਹੀਂ।" ਤਾਂ ਸਾਹਿਬ ਜੀ ਬਚਨੁ ਕੀਤਾ, "ਖੁਦਾਇ ਦਾ ਘਰੁ ਗੁਰਮੁਖਾਂ ਦਾ ਰਿਦਾ ਹੈ ਤੇ ਗੁਰਮੁਖ ਖੁਦਾਇ ਦੇ ਰਿਦੇ ਵਿਚ ਵਸਦੇ ਹੈਨਿ। ਜੋ ਸ੍ਵਾਸ ਸ੍ਵਾਸ ਵਾਹਿਗੁਰੂ ਦਾ ਨਾਮ ਜਪਦੇ ਹੈਨਿ, ਸਦਾ ਨਿਮਾਜ਼ ਉਨ੍ਹਾਂ ਦੇ ਰਿਦੇ ਵਿਚ ਵੱਸਦੀ ਹੈ ਤੇ ਜੋ ਸਦਾ ਸੰਜਮ ਨਾਲਿ ਅਹਾਰੁ ਕਰਦੇ ਹੈਨਿ, ਸਦਾ ਰੋਜ਼ੇ ਉਨ੍ਹਾਂ ਦੇ ਘਰ ਰਹਿੰਦੇ ਹੈਨਿ। ਜੋ ਸਾਧ ਸੰਗਿ ਕਰਦੇ ਹੈਨਿ, ਉਨ੍ਹਾਂ ਨੂੰ ਸੰਜਮ ਪ੍ਰਾਪਤ ਹੁੰਦਾ ਹੈ। ਤੇਰਾ ਨਾਉਂ ਅਸਾਂ ਮਰਦਾਨਾ ਰੱਖਿਆ ਹੈ, ਵਾਹਿਗੁਰੂ ਦਾ ਭਜਨ ਕਰਿ, ਤੇਰੇ ਕੁਟੰਬੀਆਂ ਦੀ ਭੀ **ਤੇ ਤੇਰੀ** ਭੀ ਅਸੀਂ ਖ਼ਬਰ ਲੇਵਾਂਗੇ।"

ਇਸ ਘਟਨਾ ਤੋਂ ਬਾਅਦ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਜੀ ਨਾਲ ਲੱਗ-ਭੱਗ ਸਾਰੀ ਉਮਰ ਰਹੇ। ਉਨ੍ਹਾਂ ਦੇ ਪ੍ਰਚਾਰ ਦੌਰਿਆਂ ਵਿਚ ਵੀ ਸਤਸੰਗੀ ਬਣ ਕੇ ਸਾਥ ਦਿਤਾ। ਗੁਰੂ ਸਾਹਿਬ ਦੇ ਅੰਗ-ਰਖਿਅਕ ਅਤੇ ਸਤਸੰਗੀ ਵਜੋਂ ਵੀ ਹਾਜ਼ਰ ਰਹੇ। ਆਪ ਜੀ ਆਮ ਲੋਕਾਂ ਵਿਚ ਆਪਣੀਆਂ ਰੌਚਕ ਗੱਲਾਂ ਰਾਂਹੀ ਜਗਿਆਸਾ ਪੈਦਾ ਕਰਕੇ ਇਕਠਿਆਂ ਕਰ ਲੈਂਦੇ ਅਤੇ ਫਿਰ ਸਤਸੰਗਤ ਲਈ ਮਾਹੌਲ ਤਿਆਰ ਕਰ ਲੈਂਦੇ।ਇਸੇ ਸਤਸੰਗ ਵਿਚ ਫਿਰ ਗੁਰੂ ਨਾਨਕ ਸਾਹਿਬ ਆਪਣਾ ਉਪਦੇਸ਼ ਦਿੰਦੇ ਆਮ ਲੋਕਾਂ ਨੂੰ ਸੱਚੇ ਧਰਮ ਦੇ ਰਾਹ ਪਾਂਉਦੇ।

ਜਨਮ ਸਾਖੀ ਵਿਚ ਆਉਂਦਾ ਹੈ ਕਿ ਭਾਈ ਨੀਰੂ ਨੇ ਸਿੱਖੀ ਵਿਚ ਪ੍ਰਵੇਸ਼ ਹੋਣ ਲਈ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਤਾਂ ਪਾਤਸ਼ਾਹ ਜੀ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਤੁਸੀਂ ਭਾਈ ਨੀਰੂ ਜੀ ਨੂੰ ਸਿੱਖੀ ਦੀ ਦਾਤ ਪ੍ਰਦਾਨ ਕਰੋ।ਜੋ ਉਪਦੇਸ਼ ਭਾਈ ਮਰਦਾਨਾ ਜੀ ਨੇ ਸਿੱਖੀ ਵਿੱਚ ਪ੍ਰਵੇਸ਼ ਕਰਾਉਣ ਲੱਗਿਆਂ ਭਾਈ ਨੀਰੂ ਜੀ ਨੂੰ ਕੀਤੇ, ਉਹ ਜਨਮ ਸਾਖੀ ਵਿਚ ਇਉਂ ਦਰਜ ਹਨ," ਪਹਿਲਾ, ਕੇਸ ਨਹੀਂ ਕੱਟਣੇ, ਦੂਜਾ ਅੰਮ੍ਰਿਤ ਵੇਲੇ ਸਤਿਨਾਮ ਦਾ ਜਾਪ ਕਰਨਾ ਤੇ ਤੀਜਾ ਆਏ ਗਏ ਲੋੜਵੰਦਾਂ ਦੀ ਸੇਵਾ ਕਰਨੀ।" ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਪ੍ਰਵਾਨਤ ਪ੍ਰਚਾਰਕ ਸਨ, ਜਿਨ੍ਹਾਂ ਨੂੰ ਜਗਿਆਸੂਆਂ ਨੂੰ ਸਿੱਖੀ ਵਿਚ ਪ੍ਰਵੇਸ਼ ਕਰਵਾ ਸਕਣ ਦਾ ਅਧਿਕਾਰ ਸੀ। ਭਾਈ ਸਾਹਿਬ ਜੀ ਦਾ ਅੰਤਮ ਸਮਾਂ ਨੇੜੇ ਜਾਣ ਕੇ, ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਅਨੁਸਾਰ,

"ਗੁਰੂ ਪਾਤਸ਼ਾਹ ਜੀ ਨੇ ਬਚਨੁ ਕੀਤਾ," ਮਰਦਾਨਿਆਂ! ਤੈਨੂੰ ਮੋਇਆਂ ਅਸੀਂ ਕਿਹੜਾ ਦਾਗ਼ (ਅੰਤਮ ਸੰਸਕਾਰ) ਦੇਈਏ ਤਾਂ ਮਰਦਾਨੇ ਕਹਿਆ," ਜਿਵੇਂ ਤੁਹਾਡੀ ਇੱਛਿਆ ਹੋਵੇ ਦਾਗ਼ ਦੇਵੋ। ਤਾਂ ਬਚਨ ਹੋਇਆ,"ਤੇਰੀ ਮੜ੍ਹੀ ਬਣਾ ਕੇ ਜਗਤ ਤੋਂ ਪੂਜਾਈਏ?" ਤਾਂ ਮਰਦਾਨੇ ਕਹਿਆ ਸਰੀਰ ਦੀ ਮੜ੍ਹੀ ਵਿਚੋਂ ਕੱਢਦੇ ਹੋ ਅਤੇ ਫੇਰ ਪੱਥਰਾਂ ਦੀ ਮੜ੍ਹੀ ਵਿਚ ਜਾ ਪਾਂਵਦੇ ਹੋ।" ਭਾਈ ਮਰਦਾਨਾ ਜੀ ਕਰਤਾਰਪੁਰ ਵਿਖੇ 12 ਨਵੰਬਰ 1534 ਈ: ਨੂੰ ਗੁਰਪੁਰੀ ਪਧਾਰੇ ਸਨ।

ਜਗਤ ਵਿਚ ਕਿਸੇ ਨੂੰ ਵੀ ਇਹੋ ਜਿਹਾ ਸੁਭਾਗ ਪ੍ਰਾਪਤ ਨਹੀਂ ਹੋਇਆ ਕਿ ਲਗਪਗ 60 ਸਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ ਚਰਨਾਂ ਵਿਚ ਗੁਜ਼ਾਰੇ ਹੋਣ।

ਇਸ ਸੁਭਾਗਤਾ ਕਰਕੇ ਹੀ ਭਾਈ ਮਰਦਾਨਾ ਜੀ ਦਾ ਨਾਂ ਸਿੱਖ ਇਤਿਹਾਸ ਵਿਚ ਅਮਰ ਹੋ ਗਿਆ। ਇਸ ਦੀ ਮੋਹਰ ਗੁਰੂ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਦੇ ਪ੍ਰਥਾਏ ਤਿੰਨ ਸਲੋਕ ਉਚਾਰਣ ਕਰਕੇ ਲਗਾ ਦਿੱਤੀ। ਜਿਨ੍ਹਾਂ ਨੂੰ ਬਾਅਦ ਵਿਚ ਗੁਰੂ ਅਰਜੁਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਕੇ ਉਹਨਾਂ ਨੂੰ ਅਮਰ ਕਰ ਦਿੱਤਾ। ਗੁਰੂ ਸਾਹਿਬ ਜੀ ਦੇ ਇਹ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਬਿਹਾਗੜੇ ਦੀ ਵਾਰ ਵਿਚ ਸ਼ਸ਼ੋਭਤ ਹਨ।

1. ਕਲਿ ਕਲਵਾਲੀ ਕਾਮੁ ਮਦੁ, ਮਨੂਆ ਪੀਵਣਹਾਰੁ ॥...
(ਗੁਰੂ ਗ੍ਰੰਥ ਸਾਹਿਬ,ਪੰਨਾ-553)

2. ਕਾਇਆ ਲਾਹਣਿ ਆਪੁ ਮਦੁ, ਮਜਲਸ ਤ੍ਰਿਸਨਾ ਧਾਤੁ॥ ...
(ਗੁਰੂ ਗ੍ਰੰਥ ਸਾਹਿਬ,ਪੰਨਾ-553)

3. ਕਾਂਯਾਂ ਲਾਹਣਿ ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ ॥ ...
(ਗੁਰੂ ਗ੍ਰੰਥ ਸਾਹਿਬ,ਪੰਨਾ-553)

****

4. ਮੋਦੀਖਾਨਾ

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਤਾ ਨੂੰ ਤਿੰਨ ਮੁੱਖ ਉਪਦੇਸ਼ ਦਿਤੇ ਹਨ। ਧਰਮ ਦੀ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ। ਇਹ ਤਿੰਨ ਸੁਨਹਿਰੀ ਉਪਦੇਸ਼ ਸਿੱਖ ਧਰਮ ਦੇ ਮੂਲ ਸਿਧਾਂਤ ਹਨ। ਗੁਰੂ ਨਾਨਕ ਸਾਹਿਬ ਜੀ ਨੇ ਆਪ ਇਨ੍ਹਾਂ ਅਸੂਲਾਂ ਨੂੰ ਆਪਣੀ ਜ਼ਿੰਦਗੀ ਵਿਚ ਅਮਲੀ ਰੂਪ ਦਿੱਤਾ। ਜਿਥੇ ਆਪ ਗੁਰੂ ਪਾਤਸ਼ਾਹ ਵਡੇਰੀ ਉਮਰ ਵਿਚ ਵੀ ਮਿਹਨਤ ਮੁਸ਼ੱਕਤ, ਇਮਾਨਦਾਰੀ ਦੀ ਕਿਰਤ ਕਰਦੇ, ਉਥੇ ਲੋੜਵੰਦਾਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਸਨ। ਜਿਥੇ ਲੋੜਵੰਦਾਂ ਦੀ ਦਿਲ ਖੋਲ੍ਹ ਕੇ ਸੇਵਾ ਕਰਦੇ ਸਨ ਉਥੇ ਸਭ ਨੂੰ ਇਮਾਨਦਾਰੀ ਨਾਲ ਹੱਕ ਹਲਾਲ ਦੀ ਰੋਜ਼ੀ-ਰੋਟੀ ਕਮਾਉਣ ਦੀ ਪ੍ਰੇਰਨਾ ਵੀ ਦਿੰਦੇ ਸਨ। ਉਹਨਾਂ ਦੇ ਜੀਵਨ ਵਿਚੋਂ ਸਾਨੂੰ ਅਜਿਹੀਆਂ ਅਨੇਕਾਂ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਲੋਕਾਈ ਨੂੰ

ਸੱਚੀ ਸੁੱਚੀ ਕਿਰਤ ਕਰਕੇ ਸਵੈਮਾਨਤਾ ਵਾਲਾ ਜੀਵਨ ਜਿਉਣ ਦਾ ਸੰਦੇਸ਼ ਦਿੱਤਾ ਅਤੇ ਵਿਹਲੜਾਂ ਅਤੇ ਨਿਖੱਟੂਆਂ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ :-

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ 1245)

ਛੋਟੀ ਉਮਰ ਤੋਂ ਹੀ ਗੁਰੂ ਸਾਹਿਬ ਘਰ ਰਹਿੰਦਿਆਂ ਖੇਤੀ-ਬਾੜੀ ਦਾ ਕੰਮ ਕਰਦੇ ਸਨ। ਫਿਰ ਪਿਤਾ ਕਲਿਆਣ ਦਾਸ ਜੀ ਨੇ ਤਲਵੰਡੀ ਵਿਖੇ ਹੀ ਕਰਿਆਨੇ ਦੀ ਦੁਕਾਨ ਪਾ ਦਿੱਤੀ।

ਇਸ ਵੇਲੇ ਗੁਰੂ ਸਾਹਿਬ ਦੀ ਉਮਰ **35** ਸਾਲ ਦੀ ਹੋ ਚੁਕੀ ਸੀ, ਸੋ ਇਸ ਉਮਰ ਵਿੱਚ ਜ਼ਿੰਦਗੀ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਖੇਤੀ ਦੇ ਤਾਂ ਮਾਹਿਰ ਸਨ ਹੀ ਪਰ ਨਾਲ-ਨਾਲ ਵਪਾਰੀ ਵੀ ਬਣ ਚੁੱਕੇ ਸਨ। ਦੁਕਾਨ ਲਈ ਸੌਦਾ ਅਕਸਰ ਗੁਰੂ ਸਾਹਿਬ ਆਪ ਹੀ ਲਿਆਉਂਦੇ ਸਨ। ਇਸ ਲਈ ਆਪ ਜੀ ਨੂੰ ਸਹੀ ਸੌਦਾ ਖਰੀਦਣ ਦਾ ਤਜਰਬਾ ਹੋ ਚੁੱਕਾ ਸੀ। ਇਕ ਦਿਨ ਗੁਰੂ ਜੀ ਦੁਕਾਨ ਦਾ ਸਮਾਨ ਖਰੀਦਣ ਲਈ **20** ਰੁਪਏ (ਜੋ ਕਿ ਉਸ ਸਮੇਂ ਇਕ ਵੱਡੀ ਰਕਮ ਸੀ) ਲੈ ਕੇ ਚੂਹੜਕਾਣੇ ਮੰਡੀ ਸੌਦਾ ਖਰੀਦਣ ਚਲੇ ਗਏ। ਇਸ ਸਮੇਂ ਗੁਰੂ ਸਾਹਿਬ ਆਪਣੇ ਬਚਪਨ ਦੇ ਸਾਥੀ ਭਾਈ ਮਰਦਾਨਾ ਜੀ (ਜੋ ਗੁਰੂ ਸਾਹਿਬ ਜੀ ਦੇ ਕੋਲ ਹੀ ਰਹਿੰਦੇ ਸਨ ਤੇ ਰਬਾਬ ਵਜਾ ਕੇ ਗੁਰੂ ਸਾਹਿਬ ਨਾਲ ਕੀਰਤਨ ਦੀ ਸੰਗਤ ਕਰਦੇ ਸਨ) ਨੂੰ ਨਾਲ ਲੈ ਕੇ ਗਏ। ਚੂਹੜਕਾਣੇ ਮੰਡੀ ਦੇ ਬਾਹਰ ਹੀ ਆਪ ਜੀ ਨੂੰ ਰਸਤੇ ਵਿਚ ਰਮਤੇ ਸਾਧੂਆਂ ਦਾ ਇਕ ਟੋਲਾ ਮਿਲਿਆ ਜੋ ਕਿ ਆਪਣੀਆਂ ਲੋੜਾਂ ਦੀ ਪੂਰਤੀ ਲਈ ਪਿੰਡਾਂ ਸ਼ਹਿਰਾਂ ਵਿਚੋਂ ਗ੍ਰਿਹਸਥੀਆਂ ਦੇ ਘਰੋਂ ਮੰਗ ਕੇ ਗੁਜ਼ਾਰਾ ਕਰਦੇ, ਉਨ੍ਹੀ ਦਿਨੀ ਉਥੇ ਔੜ ਹੋਣ ਕਾਰਨ ਅਨਾਜ ਦੀ ਤੰਗੀ ਸੀ ਤੇ ਸਾਧੂਆਂ ਨੂੰ ਕਈ ਵਾਰ ਭੁੱਖੇ ਰਹਿਣਾ ਪੈ ਰਿਹਾ ਸੀ। ਉਨ੍ਹਾਂ ਗੁਰੂ ਜੀ ਨੂੰ ਭੋਜਨ ਛਕਾਉਣ ਅਤੇ ਹੋਰ ਲੋੜਾਂ ਦੀ ਪੂਰਤੀ ਲਈ ਬੇਨਤੀ ਕੀਤੀ।

ਗੁਰੂ ਜੀ ਨੇ ਉਨ੍ਹਾਂ ਨੂੰ ਭੋਜਨ ਛਕਾਇਆ ਅਤੇ ਉਨ੍ਹਾਂ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਕੀਤੀ ਅਤੇ ਨਾਲ ਹੀ ਉਪਦੇਸ਼ ਕੀਤਾ," ਇਹ ਭਾਵੇਂ ਚੰਗੀ ਗੱਲ ਹੈ ਕਿ ਤੁਸੀਂ ਸਾਰੇ ਧਰਮ ਕਮਉਣ ਅਤੇ ਪ੍ਰਚਾਰਣ ਵਿਚ ਲੱਗੇ ਹੋਏ ਹੋ ਪਰ ਤੁਹਾਨੂੰ ਕਿਉਂਕਿ ਸੱਚੇ ਧਰਮ ਦੀ ਸਪਸ਼ਟ ਸੋਝੀ ਨਹੀਂ ਹੈ, ਤਾਂ ਹੀ ਤੁਸੀਂ ਮੰਗਕੇ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ ਹੋ। ਇਕ ਸੱਚਾ ਧਰਮ ਪ੍ਰਚਾਰਕ ਆਪ ਵੀ ਕਿਰਤ ਕਰਦਾ ਹੈ ਅਤੇ ਦੂਜਿਆਂ ਨੂੰ ਵੀ ਕਿਰਤ ਦੇ ਰਾਹ ਪਾਉਂਦਾ ਹੈ, ਉਹ ਮੰਗਤਾ ਨਹੀਂ ਹੁੰਦਾ। ਲੋਕ ਉਸਦੀ ਸੇਵਾ ਕਰਕੇ ਆਪ ਖੁਸ਼ ਹੁੰਦੇ ਹਨ।" ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਧਰਮ ਦੀ ਜਾਣਕਾਰੀ ਦ੍ਰਿੜ ਕਰਵਾਈ ਤੇ ਧਰਮ ਪ੍ਰਚਾਰ ਦਾ ਕਾਰਜ ਕਰਨ

ਲਈ ਪ੍ਰੇਰਿਆ।

ਇਸ ਤੋਂ ਬਾਦ ਗੁਰੂ ਜੀ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਭੈਣ ਬੇਬੇ ਨਾਨਕੀ ਅਤੇ ਜੀਜਾ ਭਾਈ ਜੈ ਰਾਮ ਜੀ ਦੇ ਸੱਦੇ ਤੇ ਸੁਲਤਾਨਪੁਰ ਆ ਗਏ। ਇਸ ਵੇਲੇ ਗੁਰੂ ਸਾਹਿਬ ਜੀ ਦੀ ਉਮਰ ਸਾਢੇ ਪੈਂਤੀ ਸਾਲ ਦੀ ਸੀ, ਇਹ ਘਟਨਾ ਨਵੰਬਰ **1504** ਦੀ ਹੈ।

ਭਾਈ ਜੈ ਰਾਮ ਜੀ ਨਵਾਬ ਦੌਲਤ ਖਾਂ ਲੋਧੀ ਦੇ ਅਹਿਲਕਾਰ ਸਨ। ਜਦੋਂ ਗੁਰੂ ਜੀ ਅਤੇ ਦੌਲਤ ਖਾਂ ਲੋਧੀ ਦੀ ਭੇਂਟ ਹੋਈ ਤਾਂ ਨਵਾਬ ਗੁਰੂ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਤਾਂ ਨਵਾਬ ਨੇ ਕਿਹਾ, "ਇਸ ਕਾ ਨਾਉਂ ਕਿਆ ਹੈ? ਤਬ ਜੈ ਰਾਮ ਨੇ ਅਰਜ਼ ਕੀਤੀ 'ਜੀ ਇਸ ਕਾ ਨਾਉਂ ਨਾਨਕ ਹੈ', ਤਬ ਖਾਨ ਕਿਹਾ, ਇਹ ਭਲਾ ਦਿਆਨਤਦਾਰ ਨਦਰ ਆਂਵਦਾ ਹੈ, ਮੇਰਾ ਕੰਮ ਇਸ ਕੈ ਹਵਾਲੈ ਕਰਹੁ"। ਇਸ ਤਰ੍ਹਾਂ ਨਵਾਬ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਇਕ ਵਿਭਾਗ (ਮਹਿਕਮਾ) ਮੋਦੀਖਾਨਾ (ਮੋਦੀਖ਼ਾਨਾ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਉਹ ਥਾਂ ਜਿਥੇ ਸਾਰੇ ਇਲਾਕੇ ਦਾ ਟੈਕਸ ਦੇ ਰੂਪ ਵਿਚ ਇਕੱਠਾ ਹੋਇਆ ਅਨਾਜ ਰੱਖਿਆ ਜਾਂਦਾ ਸੀ ਅਤੇ ਲੋੜ ਅਨੁਸਾਰ ਜਨਤਾ ਨੂੰ ਮੁੱਲ ਵੇਚਿਆ ਜਾਂਦਾ ਸੀ, ਜਿਵੇਂ ਅਜਕਲ ਜ਼ਿਲ੍ਹਾ ਖੁਰਾਕ ਸਪਲਾਈ ਵਿਭਾਗ ਹੁੰਦੇ ਹਨ) ਸੋ ਇਥੇ ਗੁਰੂ ਸਾਹਿਬ ਦੀ ਪਦਵੀ ਅਜਕਲ ਦੇ ਜ਼ਿਲ੍ਹਾ ਖੁਰਾਕ ਅਫਸਰ ਵਾਲੀ ਪੂਰੀ ਜ਼ਿੰਮੇਵਾਰੀ ਵਾਲੀ ਪਦਵੀ ਸੀ।

ਇਹ ਨੌਕਰੀ ਗੁਰੂ ਨਾਨਕ ਸਾਹਿਬ ਜੀ ਦੀ ਈਮਾਨਦਾਰੀ ਅਤੇ ਵਪਾਰਕ ਕਾਬਲੀਅਤ ਕਰਕੇ ਭਾਈ ਜੈ ਰਾਮ ਜੀ ਦੇ ਕਹਿਣ ਤੇ ਮਿਲੀ ਸੀ। ਤਲਵੰਡੀ ਵਿਖੇ ਦੁਕਾਨ ਕਰਦਿਆਂ ਉਨ੍ਹਾਂ ਨੂੰ ਵਪਾਰ ਦਾ ਤਜਰਬਾ ਹੋ ਚੁੱਕਾ ਸੀ। ਇਸ ਲਈ ਕੰਮ ਕਰਨ ਵਿਚ ਕੋਈ ਔਖ ਨਹੀਂ ਸੀ। ਉਸ ਵੇਲੇ ਸਿੱਕੇ ਦਾ ਪ੍ਰਚਲਨ ਬਹੁਤ ਜ਼ਿਆਦਾ ਨਹੀਂ ਸੀ ਇਸ ਲਈ ਕਿਸਾਨ ਲੋਕ ਸਰਕਾਰ ਵਲੋਂ ਖੇਤੀ ਤੇ ਲਾਇਆ ਹੋਇਆ ਮਾਮਲਾ (ਟੈਕਸ) ਜਿਨਸ (ਫਸਲ) ਦੇ ਰੂਪ ਵਿਚ ਹੀ ਜਮ੍ਹਾ ਕਰਵਾਉਂਦੇ ਸਨ ਜੋ ਸਰਕਾਰੀ ਗੁਦਾਮ (ਮੋਦੀਖ਼ਾਨੇ) ਵਿਚ ਜਮ੍ਹਾ ਹੋ ਜਾਂਦਾ ਸੀ, ਮੁਲਾਜ਼ਮਾਂ ਨੂੰ ਵੀ ਤਨਖਾਹ ਦਾ ਜ਼ਿਆਦਾਤਰ ਹਿੱਸਾ ਜਿਨਸ ਦੇ ਰੂਪ ਵਿਚ ਹੀ ਮਿਲਦਾ ਸੀ। ਗੁਰੂ ਸਾਹਿਬ ਜੀ ਇਥੋਂ ਦਾ ਸਾਰਾ ਹਿਸਾਬ ਕਿਤਾਬ ਰੱਖਦੇ ਸਨ ਅਤੇ ਵੇਚੀ ਹੋਈ ਜਿਨਸ ਦਾ ਪੈਸਾ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਣਾ ਪੈਂਦਾ ਸੀ ਇਹ ਬੜਾ ਭਰੋਸੇ ਵਾਲਾ ਕੰਮ ਸੀ। ਜਿਵੇਂ ਅੱਜਕਲ ਸਰਕਾਰੀ ਮਹਿਕਮਿਆਂ ਵਿਚ ਰਿਸ਼ਵਤ ਖੋਰੀ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਉਸ ਵੇਲੇ ਵੀ ਰਿਸ਼ਵਤ ਖੋਰੀ, ਬੇਈਮਾਨੀ ਹੁੰਦੀ ਸੀ ਗੁਰੂ ਸਾਹਿਬ ਜੀ ਤੋਂ ਪਹਿਲਾਂ ਜੋ ਮੋਦੀਖਾਨੇ ਦੇ ਮੁਖੀ ਸਨ ਉਹ ਹੋਰ ਕਰਮਚਾਰੀਆਂ ਸਮੇਤ ਹੇਰਾ-ਫੇਰੀਆਂ ਕਰਦੇ ਸਨ। ਲੋਕ ਮਾਮਲਾ (ਅਨਾਜ) ਜ਼ਿਆਦਾ ਦਿੰਦੇ ਪਰ

ਲਿਖਿਆ ਘੱਟ ਜਾਂਦਾ। ਸਮੇਂ-ਸਮੇਂ ਤੇ ਮੋਦੀਖਾਨੇ ਦੀ ਚੈਕਿੰਗ ਵੀ ਹੁੰਦੀ ਰਹਿੰਦੀ ਸੀ ਪਰ ਜਦੋਂ ਤੋਂ ਗੁਰੂ ਨਾਨਕ ਪਾਤਸ਼ਾਹ ਇੰਚਾਰਜ ਬਣੇ ਸਨ ਤਾਂ ਪਹਿਲਾਂ ਤੋਂ ਹੁੰਦੀ ਹੇਰਾ-ਫੇਰੀ ਬੰਦ ਹੋ ਗਈ ਸੀ। ਕਈ ਮੁਲਾਜ਼ਮ ਤੇ ਲੁਟ ਖਸੁੱਟ ਕਰਨ ਵਾਲੇ ਲੋਕ ਈਰਖਾ ਕਰਨ ਲਗ ਪਏ ਸਨ। ਬਹੁਤੇ ਲੋਕ ਤਾਂ ਗੁਰੂ ਸਾਹਿਬ ਜੀ ਦੀ ਈਮਾਨਦਾਰੀ ਦੇ ਗੁਣ-ਗਾਉਂਦੇ ਸਨ।

ਗੁਰੂ ਸਾਹਿਬ ਇਥੇ ਵੀ ਈਮਾਨਦਾਰੀ ਨਾਲ ਆਪਣੀ ਕਿਰਤ ਕਰਦੇ ਸਨ, ਜਿਵੇਂ ਤਲਵੰਡੀ ਰਹਿੰਦਿਆਂ, ਦੁਕਾਨ ਕਰਦਿਆਂ, ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਕੀਰਤਨ ਰਾਹੀਂ ਸਤਿਸੰਗ ਕਰਦੇ ਸਨ, ਉਸੇ ਤਰ੍ਹਾਂ ਹੀ ਸੁਲਤਾਨਪੁਰ ਵਿਖੇ ਵੀ ਅਕਾਲ ਪੁਰਖ ਦੀ ਸਿਫਤ-ਸਲਾਹ ਵਿਚ ਲੱਗੇ ਰਹਿੰਦੇ ਸਨ। ਗੁਰੂ ਪਾਤਸ਼ਾਹ ਲੋਕਾਂ ਨੂੰ ਕਰਮਕਾਂਡ ਛੱਡ ਕੇ ਸੱਚਾ-ਸੁੱਚਾ ਜੀਵਨ ਜੀਉਣ ਦੀ ਜਾਚ ਦੱਸਦੇ। ਗੁਰੂ ਸਾਹਿਬ ਜੀ ਦੀ ਇਮਾਨਦਾਰੀ ਤੇ ਅਕਾਲ ਪੁਰਖ ਪ੍ਰਤੀ ਪ੍ਰੇਮ ਦੀ ਚਰਚਾ ਪੂਰੇ ਇਲਾਕੇ ਵਿਚ ਹੋ ਰਹੀ ਸੀ। ਗੁਰੂ ਸਾਹਿਬ ਜੀ ਨੇ ਆਪਣਾ ਪਰਵਾਰ ਵੀ ਇਥੇ ਬੁਲਾ ਲਿਆ।

ਇਸ ਤਰ੍ਹਾਂ ਗੁਰੂ ਸਾਹਿਬ ਜੀ ਦੀ ਮਹਾਨ ਸ਼ਖਸੀਅਤ ਦੀ ਵਡਿਆਈ ਦੂਰ-ਦੂਰ ਤੱਕ ਵੱਧ ਰਹੀ ਸੀ ਕਿਉਂਕਿ ਗੁਰੂ ਸਾਹਿਬ ਗਰੀਬਾਂ ਤੇ ਲੋੜਵੰਦਾਂ ਨੂੰ ਆਪਣੇ ਹਿੱਸੇ ਵਿਚੋਂ ਅਨਾਜ ਮੁਫ਼ਤ ਦੇ ਦੇਂਦੇ ਸਨ। ਕੁਝ ਈਰਖਾਲੂ ਬਿਰਤੀ ਦੇ ਲੋਕ ਜੋ ਪਹਿਲਾਂ ਤੋਂ ਹੀ ਗੁਰੂ ਸਾਹਿਬ ਜੀ ਦੀ ਈਮਾਨਦਾਰੀ ਤੋਂ ਨਾਖੁਸ਼ ਸਨ, ਉਹਨਾਂ ਨੇ ਨਵਾਬ ਦੌਲਤ ਖ਼ਾਂ ਦੇ ਪਾਸ ਸ਼ਿਕਾਇਤ ਕੀਤੀ ਕਿ ਬਾਬਾ ਨਾਨਕ ਮੋਦੀਖਾਨਾ ਲੁਟਾਈ ਜਾ ਰਿਹਾ ਹੈ। ਹੁਣ ਜਦ ਮੋਦੀਖਾਨੇ ਦੀ ਚੈਕਿੰਗ ਹੋਈ, ਜੋ ਪਹਿਲਾਂ ਵੀ ਹੁੰਦੀ ਸੀ, ਤਾਂ ਹਿਸਾਬ ਵਿਚ ਕੋਈ ਕਮੀ ਨਹੀਂ ਸੀ, ਬਲਕਿ ਅਨਾਜ ਵੱਧ ਰਿਹਾ ਸੀ। ਨਵਾਬ ਆਪ ਖੁੱਦ ਸ਼ਰਮਿੰਦਾ ਹੋਇਆ, ਉਸਨੇ ਗੁਰੂ ਸਾਹਿਬ ਤੋਂ ਮਾਫੀ ਮੰਗੀ। ਗੁਰੂ ਸਾਹਿਬ ਜੀ ਨੂੰ ਤਨਖਾਹ ਦਾ ਬਹੁਤਾ ਹਿੱਸਾ ਜਿਨਸ ਦੇ ਰੂਪ ਵਿਚ ਹੀ ਮਿਲਦਾ ਸੀ, ਉਹ ਹਿੱਸਾ ਗੁਰੂ ਸਾਹਿਬ ਲੋੜ ਅਨੁਸਾਰ ਹੀ ਵਰਤਦੇ ਸਨ ਬਾਕੀ ਉਥੇ ਗੁਦਾਮ ਵਿਚ ਹੀ ਰਹਿੰਦਾ ਸੀ। ਇਸ ਹਿੱਸੇ ਵਿਚੋਂ ਹੀ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ ਸਨ, ਇਸ ਲਈ ਜਦੋਂ ਹਿਸਾਬ ਕੀਤਾ ਗਿਆ ਤਾਂ ਮਾਲ ਦਾ ਵਧਣਾ ਸੁਭਾਵਿਕ ਹੀ ਸੀ ਇਹ ਕੋਈ ਕਰਾਮਾਤ ਨਹੀਂ ਸੀ।ਇਸ ਤਰ੍ਹਾਂ ਗੁਰੂ ਸਾਹਿਬ ਨੇ ਅਮਲੀ ਜੀਵਨ ਵਿਚ ਖੇਤੀ, ਵਪਾਰ ਅਤੇ ਨੌਕਰੀ ਤਿੰਨੇ ਹੀ ਰੋਜ਼ਗਾਰ ਦੇ ਵਸੀਲੇ ਅਪਣਾਏ ਵੀ ਅਤੇ ਤਿੰਨਾਂ ਨੂੰ ਹੀ ਇਮਾਨਦਾਰੀ ਨਾਲ ਕਰ ਕੇ ਵੀ ਵਿਖਾਇਆ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ ਨੇ ਜਗਤ ਤਾਰਨ ਲਈ ਪ੍ਰਚਾਰਕ ਦੌਰਿਆਂ ਤੇ ਜਾਣ ਦਾ ਪ੍ਰੋਗਰਾਮ ਬਣਾਇਆ, ਭਾਈ ਮਰਦਾਨਾ ਜੀ ਵੀ ਉਹਨਾਂ ਦੇ ਨਾਲ ਹੀ ਸਨ। ਇਹ ਘਟਨਾ ਤਕਰੀਬਨ **30** ਅਗਸਤ **1507** ਦੀ ਹੈ।

****

5. ਨਵਾਬ (ਭਾਈ) ਦੌਲਤ ਖ਼ਾਂ ਲੋਧੀ

ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਸਾਹਿਬ ਜੀ ਹਰ ਰੋਜ਼ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇਕ ਦਿਨ ਗੁਰੂ ਜੀ ਅੰਮ੍ਰਿਤ ਵੇਲੇ ਉੱਠ ਕੇ ਵੇਈਂ ਨਦੀ ਤੇ ਇਸ਼ਨਾਨ ਕਰਨ ਗਏ ਤੇ ਵਾਪਸ ਨਾ ਮੁੜੇ। ਛੇਤੀ ਹੀ ਸਾਰੇ ਸੁਲਤਾਨਪੁਰ ਵਿਚ ਗੱਲ ਫੈਲ ਗਈ। ਭਾ: ਜੈ ਰਾਮ ਤੇ ਬੇਬੇ ਨਾਨਕੀ ਜੀ ਨੂੰ ਪਤਾ ਲੱਗਿਆ ਤਾਂ ਉਹ ਵੀ ਬਹੁਤ ਘਬਰਾਏ। ਜਦੋਂ ਨਵਾਬ ਦੌਲਤ ਖ਼ਾਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਭਾ: ਜੈ ਰਾਮ ਨੂੰ ਨਾਲ ਲੈ ਕੇ ਵੇਂਈ ਨਦੀ ਦੇ ਕੰਢੇ ਤੇ ਗਿਆ ਤੇ ਮਛੇਰਿਆਂ ਨੂੰ ਕਿਹਾ ਕਿ ਜਾਲ ਪਾ ਕੇ ਲੱਭੋ। ਬਹੁਤ ਯਤਨ ਪਿਛੋਂ ਵੀ ਕੋਈ ਪਤਾ ਨਾ ਲੱਗਾ ਤਾਂ ਉਸ ਮੋਦੀਖਾਨੇ ਦਾ ਲੇਖਾ ਕਰਨ ਦਾ ਹੁਕਮ ਦੇ ਦਿੱਤਾ। ਭਾ: ਜੈ ਰਾਮ ਦੇ ਹਿਸਾਬ ਕਰਨ ਤੇ ਮੋਦੀ ਖਾਨੇ ਦਾ ਲੇਖਾ ਠੀਕ ਨਿਕਲਿਆ। ਜੋ ਥੋੜ੍ਹਾ ਵਧਦਾ ਸੀ ਉਹ ਅਨਾਜ ਆਦਿ ਵੱਖਰਾ ਕਰ ਕੇ ਰੱਖ ਦਿੱਤਾ ਗਿਆ।

ਗੁਰੂ ਨਾਨਕ ਸਾਹਿਬ ਜੀ ਤਿੰਨ ਦਿਨਾਂ ਦੇ ਇਕਾਂਤਵਾਸ ਪਿਛੋਂ ਪ੍ਰਗਟ ਹੋਏ ਅਤੇ ਲੋਕਾਈ ਵਿਚ ਹੋਕਾ ਦਿੱਤਾ ਕਿ "ਨ ਕੋ ਹਿੰਦੂ ਨ ਮੁਸਲਮਾਨ" ਜਿਸ ਨਾਲ ਸਾਰੇ ਸੁਲਤਾਨਪੁਰ ਵਿਚ ਰੌਲਾ ਪੈ ਗਿਆ। ਇਸ ਵਾਕ ਨੂੰ ਸੁਣ ਕੇ ਸਭ ਹੈਰਾਨ ਹੋਏ ਕਿਉਂਕਿ ਸੁਲਤਾਨਪੁਰ ਇਕ ਮੁਸਲਮਾਨੀ ਨਗਰ ਸੀ। ਮੁਸਲਮਾਨਾਂ ਦੇ ਰਾਜ ਵਿਚ ਇਹ ਕਹਿਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਲੋਕਾਂ ਨੇ ਨਵਾਬ ਦੌਲਤ ਖ਼ਾਂ ਨੂੰ ਜਾ ਕੇ ਕਿਹਾ ਕਿ ਨਾਨਕ ਜੀ "ਨ ਕੋ ਹਿੰਦੂ ਨ ਮੁਸਲਮਾਨ" ਕਹਿੰਦੇ ਹਨ। ਉਸ ਨੇ ਗੁਰੂ ਨਾਨਕ ਜੀ ਨੂੰ ਸੱਦਾ ਭੇਜਿਆ ਤੇ ਨਾਲ ਹੀ ਨਗਰ ਦੇ ਕਾਜ਼ੀ ਨੂੰ ਉਥੇ ਬੁਲਾ ਲਿਆ। ਦੌਲਤ ਖ਼ਾਂ ਨੇ ਬਾਬਾ ਜੀ ਨੂੰ ਆਦਰ ਨਾਲ ਬਿਠਾਇਆ ਤੇ ਕਿਹਾ, ਕਾਜ਼ੀ ਇਕ ਗੱਲ ਪੁੱਛਣਾ ਚਾਹੁੰਦਾ ਹੈ। ਗੁਰੂ ਜੀ ਨੇ ਕਾਜ਼ੀ ਵੱਲ ਵੇਖਿਆ ਤੇ ਕਾਜ਼ੀ ਨੇ ਉਨ੍ਹਾਂ ਨੂੰ ਪੁੱਛਿਆ , 'ਤੁਸੀਂ ਕਹਿੰਦੇ ਹੋ "ਨ ਕੋ ਹਿੰਦੂ ਨ ਮੁਸਲਮਾਨ" ਇਸ ਦਾ ਕੀ ਭਾਵ ਹੈ? ਕੀ ਹਜ਼ਰਤ ਮੁਹੰਮਦ ਸਾਹਿਬ ਜੀ ਦਾ ਚਲਾਇਆ ਧਰਮ ਕਾਇਮ ਨਹੀਂ ਹੈ ? ਤਾਂ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ, "ਮੁਸਲਾਮਨ ਬਣਨਾ ਬੜਾ ਔਖਾ ਹੈ, ਰੱਬ ਦੀ ਰਜ਼ਾ ਵਿਚ ਰਹਿਣਾ, ਆਪਣੇ ਮਨ ਵਿਚੋਂ ਹੰਕਾਰ ਕੱਢ ਕੇ ਸਭ ਜੀਆਂ ਵਾਸਤੇ ਤਰਸ, ਹਮਦਰਦੀ ਤੇ ਪਿਆਰ ਰੱਖਣਾ ਧਰਮ ਦਾ ਅਸਲ ਰਸਤਾ ਹੈ।" ਗੁਰੂ ਸਾਹਿਬ ਜੀ ਨੇ ਫੁਰਮਾਇਆ-ਮੁਸਲਮਾਨ ਸਦਵਾਉਣਾ ਬਹੁਤ ਔਖਾ ਹੈ, ਜੇ ਨਿਰਧਾਰਤ ਕੀਤੀ ਰਹਿਤ ਵਾਲਾ ਹੋਵੇ ਤਾਂ ਬੇਸ਼ੱਕ ਆਪਣੇ ਆਪ ਨੂੰ ਮੁਸਲਮਾਨ ਸਦਾਵੇ। ਉਹ ਸਭ ਤੋਂ ਪਹਿਲਾਂ ਧਰਮੀ ਪੁਰਖਾਂ ਦਾ ਦੱਸਿਆ ਹੋਇਆ ਈਮਾਨ ਧਰਮ ਮਾਰਗ ਮਿੱਠਾ ਕਰਕੇ ਮੰਨੇ। ਫਿਰ ਲੋਹੇ ਦੀ ਜੰਗਾਲ ਉਤਾਰਨ ਵਾਲੇ ਮਸਕਲੇ ਵਾਂਗੂੰ ਰੱਬ ਦਾ ਨਾਮ ਲੈ ਕੇ ਆਪਣੇ ਮਨ ਦੀ ਮੈਲ ਉਤਾਰੇ ਅਤੇ ਧਨ ਪਦਾਰਥ ਲੋੜਵੰਦਾਂ ਨੂੰ ਵੰਡੇ। ਇਸ ਤਰ੍ਹਾਂ ਧਰਮੀ ਪੁਰਖਾਂ ਦੇ ਦੱਸੇ ਨੇਮ ਅਨੁਸਾਰ ਚੱਲਣ ਵਾਲਾ

ਮੁਸਲਮਾਨ ਬਣ ਕੇ ਮਰਣ ਤੇ ਜੀਵਣ ਦਾ ਤੌਖਲਾ ਦੂਰ ਕਰ ਦੇਵੇ। ਅਨਿਨ ਸੇਵਕ ਬਣ ਕੇ ਰੱਬ ਦੀ ਰਜ਼ਾ ਨੂੰ ਸਿਰ ਮੱਥੇ ਤੇ ਮੰਨੇ, ਕਰਤਾ ਪੁਰਖ ਨੂੰ ਸਭ ਕੁਝ ਮੰਨੇ ਅਤੇ ਆਪਾ ਗਵਾ ਦੇਵੇ ਭਾਵ ਹੰਕਾਰ ਦੂਰ ਕਰ ਦੇਵੇ। ਇਸ ਤਰ੍ਹਾਂ ਸਾਰੇ ਜੀਵਾਂ ਉੱਤੇ ਦਇਆ ਕਰੇ ਤਾਂ ਆਪਣੇ-ਆਪ ਨੂੰ ਮੁਸਲਮਾਨ ਕਹਾਵੇ।

ਕਾਜ਼ੀ ਕਿਹਾ "ਇਕ ਹਿੰਦੂਆਂ ਦਾ ਰਾਹ ਹੈ ਅਤੇ ਇਕ ਮੁਸਲਮਾਨਾਂ ਦਾ ਰਾਹ ਹੈ, ਤੁਸੀਂ ਕਿਸ ਰਾਹ ਤੇ ਹੋ? ਗੁਰੂ ਜੀ ਨੇ ਕਿਹਾ ਮੈਂ ਖੁਦਾਇ ਦੇ ਰਾਹ ਤੇ ਹਾਂ। ਖੁਦਾ ਨਾ ਹਿੰਦੂ ਹੈ ਨਾ ਮੁਸਲਮਾਨ। ਕਾਜ਼ੀ ਨੇ ਉੱਤਰ ਦਿੱਤਾ "ਜੇਕਰ ਖੁਦਾ ਦੇ ਰਾਹ ਤੇ ਹੋ ਤਾਂ ਨਿਮਾਜ਼ ਦਾ ਸਮਾਂ ਹੋ ਗਿਆ ਹੈ ਸਾਡੇ ਨਾਲ ਚੱਲ ਕੇ ਨਿਮਾਜ਼ ਪੜ੍ਹੋ" ਤਾਂ ਗੁਰੂ ਜੀ ਨਿਮਾਜ਼ ਪੜ੍ਹਨ ਲਈ ਤਿਆਰ ਹੋ ਗਏ। ਦੌਲਤ ਖ਼ਾਂ, ਕਾਜ਼ੀ ਤੇ ਗੁਰੂ ਜੀ ਮਸਜਿਦ ਵਿਚ ਨਿਮਾਜ਼ ਪੜ੍ਹਨ ਲਈ ਚਲੇ ਗਏ ਅਤੇ ਸ਼ਹਿਰ ਦੇ ਹੋਰ ਸਾਰੇ ਮੁਸਲਮਾਨ। ਨਗਰ ਦੇ ਹਿੰਦੂਆਂ ਵਿਚ ਇਹ ਤੌਖਲਾ ਹੋਇਆ ਕਿ ਕਾਜ਼ੀ ਤੇ ਦੌਲਤ ਖ਼ਾਂ ਗੁਰੂ ਨਾਨਕ ਜੀ ਨੂੰ ਮੁਸਲਮਾਨ ਬਣਾ ਲੈਣਗੇ ਕਿਉਂਕਿ ਉਨ੍ਹਾਂ ਨੂੰ ਮਸਜਿਦ ਵਿਚ ਨਿਮਾਜ਼ ਪੜ੍ਹਨ ਲਈ ਲੈ ਗਏ ਹਨ। ਇਹੀ ਗੱਲ ਭਾ. ਜੈ ਰਾਮ ਜੀ ਨੇ ਬੇਬੇ ਨਾਨਕੀ ਜੀ ਨੂੰ ਕਹੀ। ਬੇਬੇ ਨਾਨਕੀ ਜੀ ਬਹੁਤ ਸਿਦਕ ਵਾਲੇ ਸਨ ਤੇ ਉਨ੍ਹਾਂ ਨੂੰ ਆਪਣੇ ਵੀਰ ਦੀ ਦ੍ਰਿੜਤਾ ਤੇ ਭਰੋਸਾ ਸੀ ਸੋ ਉਨ੍ਹਾਂ ਨੇ ਭਾ. ਜੈ ਰਾਮ ਜੀ ਨੂੰ ਨਾਨਕ ਜੀ ਬਾਰੇ ਤਸੱਲੀ ਦਿੱਤੀ। ਕਾਜ਼ੀ, ਨਵਾਬ ਦੌਲਤ ਖ਼ਾਂ ਤੇ ਗੁਰੂ ਨਾਨਕ ਜੀ ਇਕ ਲਾਈਨ ਵਿਚ ਖਲੋ ਗਏ। ਸਭ ਦੇ ਅੱਗੇ ਕਾਜ਼ੀ ਨੇ ਖਲੋ ਕੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਮੁਸਕਰਾ ਪਏ। ਉਹਨਾਂ ਨੂੰ ਸਾਫ ਦਿੱਸ ਰਿਹਾ ਸੀ ਕਿ ਕਾਜ਼ੀ ਦਾ ਮਨ ਉਥੇ ਹਾਜ਼ਰ ਨਹੀਂ।ਗੁਰੂ ਸਾਹਿਬ ਤਿੰਨ ਸਾਲ ਤੋਂ ਸੁਲਤਾਨਪੁਰ ਵਿਖੇ ਰਹਿ ਰਹੇ ਸਨ। ਇਸ ਲਈ ਉਹਨਾਂ ਨੂੰ ਕਾਜ਼ੀ ਦੇ ਜੀਵਨ ਬਾਰੇ ਜਾਣਕਾਰੀ ਸੀ। ਜਿਸ ਕਰਕੇ ਗੁਰੂ ਸਾਹਿਬ ਨਮਾਜ਼ ਪੜ੍ਹਦੇ ਕਾਜ਼ੀ ਦੇ ਮਨ ਦੀ ਅਵਸਥਾ ਨੂੰ ਸਮਝ ਗਏ ਸਨ ਕਿ ਕਾਜ਼ੀ ਦਾ ਮਨ ਨਮਾਜ਼ ਕਰਦੇ ਉਥੇ ਹਾਜ਼ਿਰ ਨਹੀਂ ਹੈ।

ਮੁਸਲਮਾਨੀ ਰਾਜ ਸੀ ਤੇ ਉਹਨਾਂ ਦਾ ਹੀ ਧਰਮ ਅਸਥਾਨ-ਮਸੀਤ ਸੀ, ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਤੇ ਵੱਡਾ ਕਾਜ਼ੀ ਵੀ ਸੈਂਕੜੇ ਮੁਸਲਮਾਨਾਂ ਸਮੇਤ ਨਮਾਜ਼ ਵਿਚ ਸ਼ਾਮਲ ਸੀ। ਇਹ ਗੁਰੂ ਜੀ ਵਰਗੇ ਦਲੇਰ ਤੇ ਨਿਰਭੈ ਸੂਰਮੇ ਦਾ ਹੀ ਕੰਮ ਸੀ ਕਿ ਨਮਾਜ਼ ਪੜ੍ਹਦੇ ਕਾਜ਼ੀ ਪਾਸ ਖਲੋ ਕੇ ਉਸ ਉੱਤੇ ਮੁਸਕੁਰਾਉਣ। ਗੁਰੂ ਜੀ ਤਾਂ ਸੱਚ ਨੂੰ ਸੱਚ ਕਹਿਣਾ ਜਾਣਦੇ ਸਨ। ਖਰੀ ਖਰੀ ਗੱਲ ਕਹਿ ਦੇਣ ਤੋਂ ਉਹ ਡਰਦੇ ਨਹੀਂ ਸਨ। ਡਰ ਉਹਨਾਂ ਦੇ ਜੀਵਨ ਵਿਚ ਹੈ ਹੀ ਨਹੀਂ ਸੀ।

ਕਾਜ਼ੀ ਕਿਵੇਂ ਸਹਾਰ ਸਕਦਾ ਸੀ ਕਿ ਕੋਈ ਉਸ ਉੱਤੇ ਮੁਸਕੁਰਾਏ। ਉਸ ਨੇ ਨਮਾਜ਼ ਖਤਮ ਹੋਣ ਤੇ ਨਵਾਬ ਕੋਲ ਸ਼ਕਾਇਤ ਕੀਤੀ। ਉਸ ਸਮੇਂ ਹੋਈ ਵਾਰਤਾਲਾਪ ਨੂੰ ਕੁਝ ਇਸ ਤਰ੍ਹਾ ਕਲਮਬੰਦ ਕੀਤਾ ਜਾ ਸਕਦਾ ਹੈ।

ਕਾਜ਼ੀ : ਨਵਾਬ ਸਾਹਿਬ ! ਮੈਂ ਨਮਾਜ਼ ਪੜ੍ਹ ਰਿਹਾ ਸੀ ਤਾਂ ਇਹ ਕਾਫਰ ਹੱਸ ਰਿਹਾ ਸੀ ਤੇ ਸਾਡਾ ਮਜ਼ਾਕ ਉਡਾ ਰਿਹਾ ਸੀ। ਇਸ ਨੇ ਨਮਾਜ਼ ਦੀ ਤੌਹੀਨ ਕੀਤੀ ਹੈ।

ਨਵਾਬ : (ਗੁਰੂ ਜੀ ਵਲ) ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ?

ਗੁਰੂ ਜੀ : ਮੈਂ ਨਮਾਜ਼ ਕਿਹਦੇ ਨਾਲ ਪੜ੍ਹਦਾ?

ਕਾਜ਼ੀ : ਕੀ ਮੈਂ ਨਮਾਜ਼ ਨਹੀਂ ਸੀ ਪੜ੍ਹ ਰਿਹਾ?

ਗੁਰੂ ਜੀ : ਕਾਜ਼ੀ ਜੀ ਨਮਾਜ਼ ਪੜ੍ਹਨ ਸਮੇਂ ਤਾਂ ਤੁਸੀਂ ਘਰ ਗਏ ਹੋਏ ਸਾਓ।

ਕਾਜ਼ੀ : ਹੈਂ ! ਮੈਂ ਤਾਂ ਇਥੇ ਹੀ ਸੀ ।

ਗੁਰੂ ਜੀ : ਤੁਸੀਂ ਮਨ ਹੀ ਮਨ ਸੋਚ ਰਹੇ ਸੀ ਕਿਧਰੇ ਨਵਾਂ ਜੰਮਿਆ ਵਛੇਰਾ ਵਿਹੜੇ ਦੀ ਖੂਹੀ ਵਿਚ ਨਾ ਜਾ ਡਿੱਗੇ।

ਨਵਾਬ : ਚਲੋ ਜੇ ਕਾਜ਼ੀ ਦਾ ਦਿਲ ਘਰ ਸੀ ਤਾਂ ਮੇਰੇ ਨਾਲ ਨਮਾਜ਼ ਪੜ੍ਹ ਲੈਂਦੇ।

ਗੁਰੂ ਜੀ : ਆਪ ਦਾ ਮਨ ਤਾਂ ਕਾਬਲ ਵਿਚ ਘੋੜੇ ਖਰੀਦਣ ਤੇ ਲੱਗਾ ਹੋਇਆ ਸੀ। ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਨਵਾਬ ਨੇ ਸਾਰੇ ਅਹਿਲਕਾਰਾਂ ਨੂੰ ਬੁਲਾਇਆ ਤੇ ਕਿਹਾ ਕਿ ਗੁਰੂ ਨਾਨਕ ਸਾਹਿਬ ਰੱਬ ਦੇ ਪਿਆਰੇ ਹਨ ਅਤੇ ਰੱਬ ਦੀ ਪ੍ਰਾਪਤੀ ਵਾਸਤੇ ਸਾਨੂੰ ਸਿਖਿਆ ਦਿਤੀ ਹੈ ਕਿ ਜਦੋਂ ਰੱਬ ਨੂੰ ਯਾਦ ਕਰਨਾ ਹੋਵੇ ਤਾਂ ਆਪਣੇ ਮਨ ਨਾਲ ਯਾਦ ਕਰਨਾ ਚਾਹੀਦਾ ਹੈ। ਨਵਾਬ ਸਮੇਤ ਸਾਰੇ ਅਹਿਲਕਾਰ ਗੁਰੂ ਸਾਹਿਬ ਜੀ ਦੇ ਚਰਨੀਂ ਲੱਗੇ ਅਤੇ ਉਨ੍ਹਾਂ ਦੀ ਸਿਖਿਆ ਧਾਰਣ ਕੀਤੀ।

****

6. ਹੱਕ ਦੀ ਕਮਾਈ

ਸਿੱਖ ਨਾ ਤਾਂ ਕਦੇ ਕਿਸੇ ਕੋਲੋਂ ਮੰਗ ਕੇ ਖਾਂਦਾ ਹੈ, ਨਾ ਹੀ ਜ਼ੁਲਮ ਕਰਕੇ, ਬੇਈਮਾਨੀ ਜਾਂ ਹਰਾਮ ਦੀ ਕਮਾਈ ਕਰਦਾ ਹੈ।ਸਿੱਖ, ਧਰਮ ਦੀ ਕਿਰਤ ਕਰਦਾ ਹੈ। ਆਪਣੇ ਦਸਾਂ-ਨਹੁੰਆਂ ਦੀ ਕਮਾਈ ਵਿਚੋਂ ਦੂਜਿਆਂ ਦੀ ਸੇਵਾ ਕਰਦਾ ਹੈ।

ਸੈਦਪੁਰ (ਐਮਨਾਬਾਦ) ਵਿਖੇ ਐਸਾ ਹੀ ਇਕ ਵਿਅਕਤੀ ਭਾਈ ਲਾਲੋ ਸੀ ਜੋ ਮਿਹਨਤ ਕਰਕੇ ਆਪਣੀ ਰੋਟੀ ਕਮਾਉਂਦਾ ਸੀ। ਭਾਵੇਂ ਆਪ ਗ਼ਰੀਬ ਸੀ, ਪਰ ਫੇਰ ਵੀ ਆਪਣੇ ਕੋਲੋਂ ਲੋੜਵੰਦਾਂ ਨੂੰ ਰੋਟੀ ਖਵਾਉਂਦਾ ਸੀ। ਤਰਖਾਣ ਹੋਣ ਕਰਕੇ ਲੋਕ ਉਸ ਨੂੰ ਨੀਵੀਂ ਜ਼ਾਤ ਦਾ ਕਹਿੰਦੇ ਸਨ, ਪਰ ਗੁਰੂ ਸਾਹਿਬ ਉਸ ਨਾਲ ਬਹੁਤ ਪਿਆਰ ਕਰਦੇ ਸਨ। ਬ੍ਰਾਹਮਣ, ਖੱਤਰੀ ਤੇ ਆਪਣੇ-ਆਪ ਨੂੰ ਉੱਚ ਜਾਤੀਏ ਸਮਝਣ ਵਾਲੇ ਇਸ ਗੱਲ ਤੋਂ ਈਰਖਾ ਕਰਦੇ ਤੇ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੇ ਕਿ ਇਕ ਉੱਚੀ ਜਾਤ ਵਾਲਾ ਨੀਵੀਂ ਜਾਤ ਵਾਲੇ ਦੇ ਘਰ ਰੋਟੀ ਖਾਏ, ਇਸ ਲਈ ਗੁਰੂ ਜੀ ਵਿਰੁੱਧ ਪ੍ਰਚਾਰ ਕਰਦੇ ਰਹਿੰਦੇ ਸਨ। ਐਮਨਾਬਾਦ ਦੇ ਹਾਕਮ ਜ਼ਾਲਮ ਖਾਂ ਦਾ ਇਕ ਅਹਿਲਕਾਰ ਮਲਕ ਭਾਗੋ ਸੀ। ਉਹ ਬਹੁਤ ਰਿਸ਼ਵਤਖੋਰ ਸੀ।

ਗ਼ਰੀਬ ਲੋਕ ਮਲਕ ਭਾਗੋ ਕੋਲੋਂ ਬਹੁਤ ਦੁਖੀ ਸਨ। ਪਰ ਉਹ ਆਪਣੇ ਆਪ ਨੂੰ ਉੱਚੀ ਕੁਲ ਦਾ ਸਮਝਦਾ ਸੀ। ਮਲਕ ਭਾਗੋ ਹਰ ਸਾਲ ਗ਼ਰੀਬਾਂ ਤੇ ਸੰਤਾਂ ਸਾਧਾਂ ਨੂੰ ਭੋਜਨ ਛਕਾ ਕੇ ਧਰਮੀ ਹੋਣ ਦਾ ਵਿਖਾਵਾ ਕਰਦਾ ਸੀ। ਇਸ ਵਾਰ ਬ੍ਰਹਮ ਭੋਜ ਦੇ ਸਮੇਂ ਗੁਰੂ ਜੀ ਵੀ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ। ਗੁਰੂ ਜੀ ਇਕ ਦਿਨ ਜੰਗਲ ਵੱਲ ਨੂੰ ਗਏ ਅਤੇ ਰਾਹ ਵਿਚ ਉਨ੍ਹਾਂ ਨੂੰ ਇਕ ਬ੍ਰਾਹਮਣ ਮਿਲਿਆ।

ਬ੍ਰਾਹਮਣ:– ਤਪਾ ਜੀ! ਤੁਹਾਨੂੰ ਮਲਕ ਭਾਗੋ ਨੇ ਬ੍ਰਹਮ ਭੋਜ ਦਾ ਸੱਦਾ ਦਿੱਤਾ ਹੈ। ਤੁਸੀਂ ਭੋਜਨ ਓਥੇ ਹੀ ਕਰਨਾ।

ਗੁਰੂ ਜੀ:–ਹੋਰ ਕੌਣ-ਕੌਣ ਬ੍ਰਹਮ ਭੋਜ ਵਿਚ ਸ਼ਾਮਲ ਹੋ ਰਹੇ ਹਨ?

ਬ੍ਰਾਹਮਣ:–ਮਲਕ ਭਾਗੋ ਨੇ ਚੌਹਾਂ ਵਰਣਾਂ ਨੂੰ ਭੋਜਨ ਛਕਣ ਦਾ ਸੱਦਾ ਦਿੱਤਾ ਹੈ।

ਗੁਰੂ ਜੀ:– ਸਾਡਾ ਤਾਂ ਕੋਈ ਵਰਣ ਹੀ ਨਹੀਂ ਹੈ। ਅਸੀਂ ਕਿਸ ਨਾਲ ਬੈਠ ਕੇ ਭੋਜਨ ਛਕਾਂਗੇ?

ਬ੍ਰਾਹਮਣ:– ਇਨ੍ਹਾਂ ਗੱਲਾਂ ਕਰਕੇ ਹੀ ਤਾਂ ਲੋਕ ਤੁਹਾਨੂੰ ਕੁਰਾਹੀਆ ਕਹਿੰਦੇ ਹਨ।

ਇਸ ਤਰ੍ਹਾਂ ਗੁਰੂ ਸਾਹਿਬ ਬ੍ਰਹਮ ਭੋਜ ਦੇ ਸੱਦੇ ਤੇ ਨਾ ਗਏ ਮਲਕ ਭਾਗੋ ਨੂੰ ਬਹੁਤ ਗੁੱਸਾ ਆਇਆ। ਉਸ ਬ੍ਰਾਹਮਣ ਨੇ ਮਲਕ ਭਾਗੋ ਨੂੰ ਹੋਰ ਭੜਕਾਇਆ। ਗੁੱਸੇ ਵਿਚ ਭਰੇ ਪੀਤੇ ਮਲਕ ਭਾਗੋ ਨੇ ਫਿਰ ਆਦਮੀ ਭੇਜਿਆ। ਗੁਰੂ ਜੀ ਭਾਈ ਮਰਦਾਨੇ ਸਮੇਤ ਆ ਗਏ।

ਮਲਕ ਭਾਗੋ ਨੇ ਪੁੱਛਿਆ, "ਤੁਸੀਂ ਮੇਰੇ ਬ੍ਰਹਮ ਭੋਜ ਵਿਚ ਸ਼ਾਮਲ ਕਿਉਂ ਨਹੀਂ ਹੋਏ? ਖੱਤਰੀ ਹੋ ਕੇ ਨੀਵੀਂ ਜ਼ਾਤ ਵਾਲੇ ਲਾਲੋ ਦੇ ਘਰੋਂ ਰੋਟੀ ਕਿਉਂ ਖਾਂਦੇ ਹੋ? ਨੀਵੀਂ ਜ਼ਾਤ ਵਾਲਿਆਂ ਕੋਲ ਜਾਣ ਨਾਲ ਸਾਡਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ।"

ਗੁਰੂ ਜੀ ਨੇ ਉੱਤਰ ਦਿੱਤਾ, "ਭਾਈ ਲਾਲੋ ਨੀਵੀਂ ਜ਼ਾਤ ਦਾ ਨਹੀਂ, ਮੇਰਾ ਪਿਆਰਾ ਸਿੱਖ ਹੈ। ਉਹ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ। ਧਰਮ ਦੀ ਕਿਰਤ ਕਰਦਾ ਹੈ। ਉਸ ਦੀ ਰੋਟੀ ਭਾਵੇਂ ਕੋਧਰੇ (ਕੋਧਰਾ-ਬਾਥੂ ਜਿਹਾ ਘਾਹ, ਜਿਸ ਦਾ ਦਾਣਾ ਪੀਹ ਕੇ ਆਟਾ ਬਣਾ ਕੇ ਜਾਂ ਰਿੰਨ੍ਹ ਕੇ ਗ਼ਰੀਬ ਲੋਕ ਖਾਂਦੇ ਹਨ) ਦੀ ਹੈ, ਪਰ ਫਿਰ ਵੀ ਉਹ ਦੁੱਧ ਸਮਾਨ ਹੈ। ਮਲਕ ਭਾਗੋ! ਤੇਰੀ ਕਮਾਈ ਧਰਮ ਦੀ ਨਹੀਂ। ਤੂੰ ਲੋਕਾਂ ਤੇ ਜ਼ੁਲਮ ਕਰਦਾ ਹੈਂ। ਰਿਸ਼ਵਤ ਲੈ ਕੇ ਲੋਕਾਂ ਦਾ ਖੂਨ ਚੂਸਦਾ ਹੈਂ। ਤੇਰੀਆਂ ਪੂੜੀਆਂ ਲੋਕਾਂ ਦੇ ਖੂਨ ਨਾਲ ਬਣੀਆਂ ਹਨ। ਇਸ ਲਈ ਮੈਨੂੰ ਤੇਰੇ ਭੋਜਨ ਨਾਲੋਂ ਭਾਈ ਲਾਲੋ ਦੀ ਸੁੱਕੀ ਰੋਟੀ ਵਧੇਰੇ ਸੁਆਦ ਲਗਦੀ ਹੈ।" ਭਰੀ ਸਭਾ ਵਿਚ ਗੁਰੂ ਜੀ ਦਾ ਇਹ ਕਹਿਣਾ, ਵੱਡੀ ਦਲੇਰੀ ਵਾਲਾ ਉੱਤਰ ਸੀ।

ਮਲਕ ਭਾਗੋ ਨੇ ਗੁਰੂ ਜੀ ਪਾਸੋਂ ਜਦੋਂ ਸੱਚੀਆਂ ਗੱਲਾਂ ਸੁਣੀਆਂ ਤਾਂ ਬੜਾ

ਸ਼ਰਮਿੰਦਾ ਹੋਇਆ। ਉਸ ਦੇ ਕੀਤੇ ਗੁਨਾਹ ਉਸ ਦੀਆਂ ਅੱਖਾਂ ਸਾਹਮਣੇ ਆ ਗਏ। ਉਸ ਦਾ ਉੱਚੀ ਜਾਤ ਦਾ ਘਮੰਡ ਵੀ ਜਾਂਦਾ ਰਿਹਾ।

ਗੁਰੂ ਜੀ ਨੇ ਸਮਝਾਇਆ ਕਿ ਕੋਈ ਮਨੁੱਖ ਜਨਮ ਕਰਕੇ ਨੀਵਾਂ ਨਹੀਂ ਹੋ ਸਕਦਾ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ। ਲੋਕਾਂ ਦਾ ਖੂਨ ਚੂਸ ਕੇ ਕਮਾਈ ਹੋਈ ਦੌਲਤ ਨਾਲ ਬ੍ਰਹਮ ਭੋਜ ਕਰਨ ਨਾਲ ਅਕਾਲ ਪੁਰਖ ਖੁਸ਼ ਨਹੀਂ ਹੋ ਸਕਦਾ। ਰਿਸ਼ਵਤ ਵਾਲੀ ਕਮਾਈ ਪੁੰਨ ਕਰਨ ਨਾਲ ਹੱਕ ਦੀ ਕਮਾਈ ਨਹੀਂ ਬਣ ਜਾਂਦੀ। ਸੱਚੀ ਕਮਾਈ ਉਹ ਹੈ ਜੋ ਮਿਹਨਤ ਨਾਲ ਕਮਾਈ ਜਾਵੇ। ਨਾ ਕਿ ਉਹ ਕਮਾਈ ਵਾਸਤੇ ਕਿਸੇ ਨਾਲ ਧੱਕਾ ਕੀਤਾ ਗਿਆ ਹੋਵੇ। ਮਲਕ ਭਾਗੋ ਦਾ ਹੰਕਾਰ ਟੁੱਟਿਆ ਤੇ ਉਸ ਨੇ ਗੁਰੂ ਜੀ ਦੇ ਦੱਸੇ ਹੋਏ ਰਾਹ ਤੇ ਚੱਲਣ ਦਾ ਪ੍ਰਣ ਕੀਤਾ।

ਅੱਜ ਸਾਨੂੰ ਵੀ ਭਾਈ ਲਾਲੋ ਵਾਂਗ ਸੱਚੇ ਤੇ ਸੁੱਚੇ ਸਿੱਖ ਬਣਨ ਦੀ ਲੋੜ ਹੈ। ਧਰਮ ਦੀ ਸੱਚੀ ਸੁੱਚੀ ਕਿਰਤ ਤੇ ਮਿਹਨਤ ਕਰਕੇ ਹੱਕ ਦੀ ਕਮਾਈ ਕਰਨੀ ਚਾਹੀਦੀ ਹੈ। ਦੂਜਿਆਂ ਦਾ ਹੱਕ ਨਾ ਮਾਰਨਾ, ਦੂਜਿਆਂ ਦੀ ਕਮਾਈ ਨਾਲ ਧਨ ਇਕੱਤਰ ਨਾ ਕਰਨਾ ਅਤੇ ਜ਼ਾਤ-ਪਾਤ ਦੇ ਭੇਦ-ਭਾਵ ਨੂੰ ਨਾ ਮੰਨਣਾ, ਇਹੀ ਸਿਖਿਆ ਗੁਰਮਤਿ ਰਾਹੀਂ ਮਿਲਦੀ ਹੈ। ਇਹੋ ਮਨੁੱਖਤਾ ਦਾ ਅਸਲ ਧਰਮ ਹੈ।

****

7. ਬਾਬਾ ਬੁੱਢਾ ਜੀ

ਬਾਬਾ ਬੁੱਢਾ ਜੀ ਬੜੇ ਉੱਚੇ-ਸੁੱਚੇ ਜੀਵਨ ਵਾਲੇ ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ਼ ਗੁਰੂ ਨਾਨਕ ਸਾਹਿਬ ਜੀ ਤੋਂ ਲਿਆ ਅਤੇ ਛੇਵੀਂ ਪਾਤਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ 21 ਅਕਤੂਬਰ 1506 ਨੂੰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸੁੱਘਾ ਜੀ ਅਤੇ ਮਾਤਾ ਜੀ ਦਾ ਨਾਮ ਗੌਰਾਂ ਜੀ ਸੀ। ਮਾਪਿਆਂ ਨੇ ਉਨ੍ਹਾਂ ਦਾ ਨਾਮ ਬੂੜਾ ਰੱਖਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਮ ਬੱਚਿਆਂ ਵਾਂਗ ਬੂੜਾ ਜੀ ਛੋਟੇ ਹੁੰਦੇ ਮੱਝਾਂ ਦੇ ਵਾਗੀ ਬਣੇ। ਜਦ ਉਹ ਗਿਆਰਾਂ ਕੁ ਵਰ੍ਹਿਆਂ ਦੇ ਸਨ ਤਦ ਗੁਰੂ ਨਾਨਕ ਸਾਹਿਬ ਜੀ ਗੁਰਮਤਿ ਦਾ ਪਰਚਾਰ ਕਰਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਉਥੇ ਆ ਗਏ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬੈਠਦੇ ਅਤੇ ਕਿੰਨਾਂ-ਕਿੰਨਾਂ ਚਿਰ ਟਿੱਕ ਕੇ ਬਚਨ ਸੁਣਦੇ। ਨਾਲ ਹੀ ਉਹ ਗੁਰੂ ਸਾਹਿਬ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮ ਨਾਲ ਭੇਟ

ਕਰਿਆ ਕਰਦੇ।

ਇਕ ਦਿਨ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਕਾਕਾ! ਤੇਰਾ ਕੀ ਨਾਮ ਹੈ? ਤੂੰ ਕੀ ਕੰਮ ਕਰਦਾ ਹੈ?"

ਬੂੜਾ ਜੀ: ਸੱਚੇ ਪਾਤਸ਼ਾਹ ਜੀ! ਮੈਂ ਰਮਦਾਸ ਪਿੰਡ ਵਿਚ ਰਹਿਣ ਵਾਲਾ ਹਾਂ ਅਤੇ ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

ਗੁਰੂ ਜੀ: ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈਂ? ਤੂੰ ਕੀ ਚਾਹੁੰਦਾ ਹੈਂ?

ਬੂੜਾ ਜੀ: ਸੱਚੇ ਪਾਤਸ਼ਾਹ ਜੀਓ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਡਰ ਤੋਂ ਬਚਾਓ।

ਗੁਰੂ ਜੀ: ਕਾਕਾ! ਤੇਰੀ ਹਾਲੇ ਖੇਡਣ-ਕੁੱਦਣ, ਖਾਣ-ਹੰਢਾਉਣ ਦੀ ਉਮਰ ਹੈ, ਤੈਨੂੰ ਮੌਤ ਦੇ ਡਰ ਤੋਂ ਬਚਾਅ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।

ਬੂੜਾ ਜੀ: ਮਹਾਰਾਜ ਜੀ! ਮੌਤ ਦਾ ਕੀ ਭਰੋਸਾ? ਕੀ ਪਤਾ ਕਦੋਂ ਆ ਘੇਰੇ, ਪਤਾ ਨਹੀ ਵੱਡਾ ਹੋਵਾਂ ਕਿ ਨਾ ?

ਗੁਰੂ ਜੀ: ਤੈਨੂੰ ਏਨੀ ਛੋਟੀ ਉਮਰੇ ਇਹ ਸੋਚ ਕਿਵੇਂ ਆਈ ?

ਬੂੜਾ ਜੀ: ਮਹਾਰਾਜ! ਕੁਝ ਚਿਰ ਹੋਇਆ, ਪਠਾਣ ਸਾਡੇ ਪਾਸੇ ਦੀ ਲੰਘੇ, ਉਹ ਬਦੋ-ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ, ਪੱਕੀਆਂ ਵੀ ਤੇ ਕੱਚੀਆਂ ਵੀ ਤੇ ਅੱਧ ਪੱਕੀਆਂ ਵੀ। ਓਦੋਂ ਤੋਂ ਮੈਨੂੰ ਘੜੀ-ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ, ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ, ਬੱਚੇ, ਜੁਆਨ ਤੇ ਬੁੱਢੇ ਨੂੰ ਜਦੋਂ ਜੀਅ ਕਰੇ ਆ ਘੇਰਦੀ ਹੈ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ, ਤੇ ਇਹ ਆਸ ਧਾਰ ਕੇ ਤੁਹਾਡੇ ਪਾਸ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ, "ਤੂੰ ਹੈਂ ਤਾਂ ਬੱਚਾ ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ। ਤਕੜਾ ਹੋ, ਬੁੱਢੇ ਬਾਲਕਾ ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਅਤੇ ਬਲਵਾਨ ਹੈ। ਜੇ ਤੂੰ ਉਸਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਹੀਂ ਸਕੇਗੀ, ਉਹ ਤੈਥੋਂ ਡਰਨ ਲੱਗ ਪਵੇਗੀ ਤੂੰ ਰੱਬ ਨੂੰ ਹਰ ਵੇਲੇ ਯਾਦ ਰੱਖਿਆ ਕਰ, ਫੇਰ ਮੌਤ ਦਾ ਤੇ ਹੋਰ ਸਭੇ ਡਰ ਮਿਟ ਜਾਣਗੇ ਅਤੇ ਤੈਨੂੰ ਮੌਤ ਦੇ ਡਰ ਤੋਂ ਛੁਟਕਾਰਾ ਮਿਲ ਜਾਵੇਗਾ।"

ਉਸ ਦਿਨ ਤੋਂ ਬੂੜਾ ਜੀ ਦਾ ਨਾਮ 'ਬੁੱਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਿਕਾਰ ਨਾਲ 'ਬਾਬਾ ਬੁੱਢਾ' ਜੀ ਆਖਦੇ ਹਨ। ਬੁੱਢਾ ਜੀ ਨੇ ਸਿੱਖੀ ਧਾਰਨ ਕੀਤੀ ਤੇ ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਬਣ ਗਏ। ਸੰਗਤਾਂ ਦੀ ਟਹਿਲ-ਸੇਵਾ ਕਰਦੇ,

ਖੇਤਾਂ ਵਿਚ ਜਾ ਕੇ ਖੇਤੀ-ਬਾੜੀ ਦੇ ਕੰਮ ਨਿਭਾਉਂਦੇ ਅਤੇ ਬਾਣੀ ਗਾਉਂਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਜੀ ਨੂੰ ਸਤਿਕਾਰ ਨਾਲ ਬਾਬਾ ਜੀ ਆਖਣ ਲੱਗ ਪਈਆਂ।

ਗੁਰੂ ਨਾਨਕ ਸਾਹਿਬ ਜੀ ਉਨ੍ਹਾਂ ਉੱਪਰ ਬਹੁਤ ਮਿਹਰਬਾਨ ਸਨ, ਇੰਨੇ ਮਿਹਰਬਾਨ ਸਨ ਕਿ ਜਦੋਂ ਆਪ ਜੀ ਨੇ ਗੁਰਗੱਦੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ, ਤਾਂ ਬਾਬਾ ਬੁੱਢਾ ਜੀ ਨੇ ਸੰਗਤਾਂ ਵਲੋਂ ਗੁਰੂ ਅੰਗਦ ਸਾਹਿਬ ਜੀ ਨੂੰ ਸਰੋਪਾ ਭੇਟ ਕੀਤਾ। ਮਗਰੋਂ ਤੀਜੀ, ਚੌਥੀ, ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਨੂੰ ਇਹ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਜੀ ਹੀ ਅਦਾ ਕਰਦੇ ਰਹੇ। ਆਪ ਜੀ ਦਾ ਪਰਿਵਾਰ ਇਤਨਾ ਗੁਰਸਿਖੀ ਜੀਵਨ ਵਾਲਾ ਸੀ ਕਿ ਉਨ੍ਹਾਂ ਦੇ ਮਗਰੋਂ ਇਹ ਜ਼ਿੰਮੇਵਾਰੀ ਦਾ ਅਧਿਕਾਰ ਉਨ੍ਹਾਂ ਦੀ ਔਲਾਦ ਨੂੰ ਦਿੱਤਾ ਗਿਆ।

ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਅਗਵਾਈ ਹੇਠ ਅੰਮ੍ਰਿਤਸਰ (ਗੁਰੂ ਕਾ ਚੱਕ) ਸ਼ਹਿਰ ਅਤੇ ਦਰਬਾਰ ਸਾਹਿਬ ਦਾ ਸਰੋਵਰ ਤਿਆਰ ਕਰਵਾਇਆ। ਬਾਬਾ ਬੁੱਢਾ ਜੀ ਨੇ ਪੂਰੀ ਤਨਦੇਹੀ ਨਾਲ ਮੋਢੀ ਪ੍ਰਬੰਧਕ ਦੇ ਰੂਪ ਵਿਚ ਸਾਰੀ ਸੇਵਾ ਨਿਭਾਈ।

ਗੁਰੂ ਰਾਮਦਾਸ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਗੁਰਿਆਈ ਗੁਰੂ ਅਰਜਨ ਸਾਹਿਬ ਜੀ ਨੂੰ ਗੋਇੰਦਵਾਲ ਸਾਹਿਬ ਵਿਖੇ ਸੌਂਪੀ। ਜਦੋਂ ਗੁਰੂ ਅਰਜਨ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਆਏ ਤਾਂ ਅੱਗੋਂ ਇਨ੍ਹਾਂ ਦੇ ਵੱਡੇ ਭਾਈ ਬਾਬਾ ਪ੍ਰਿਥੀ ਚੰਦ ਨੇ ਸ਼ਹਿਰ ਦੀ ਨਾਕਾ-ਬੰਦੀ ਕਰ ਦਿੱਤੀ ਤਾਂ ਜੋ ਆਪ ਗੁਰੂ ਕਹਾ ਸਕੇ। ਬਾਬਾ ਬੁੱਢਾ ਜੀ ਆਦਿ ਗੁਰਸਿੱਖਾਂ ਨੇ ਇਹ ਨਾਕਾਬੰਦੀ ਤੁੜਵਾਈ ਅਤੇ ਅੰਮ੍ਰਿਤਸਰ ਗੁਰੂ ਸਾਹਿਬ ਜੀ ਕੋਲ ਆ ਬਿਰਾਜੇ।

ਜਦੋਂ ਪੰਚਮ ਪਾਤਸ਼ਾਹ ਨੇ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਅਤੇ ਅੰਮ੍ਰਿਤਸਰ ਸਰੋਵਰ ਨੂੰ ਪੱਕਾ ਕਰਨ ਦੀ ਤਿਆਰੀ ਆਰੰਭੀ, ਤਾਂ ਬਾਬਾ ਜੀ ਇਸ ਸੇਵਾ ਦੇ ਮੋਢੀ ਪ੍ਰਬੰਧਕ ਬਣੇ। ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ 'ਬਾਬਾ ਬੁੱਢਾ ਜੀ ਦੀ ਬੇਰੀ' ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬੈਠ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀਂ ਸੇਵਾ ਵੀ ਕਰਦੇ ਸਨ। ਬਾਬਾ ਬੁੱਢਾ ਜੀ ਜਿਥੇ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਸਨ ਓਥੇ ਨਾਲ ਹੀ ਸ਼ਸ਼ਤਰ ਵਿਦਿਆ ਵਿਚ ਵੀ ਨਿਪੁੰਨ ਸਨ। ਆਪ ਜੀ ਦੀ ਸਿਰੀ ਸਾਹਿਬ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼ਸ਼ੋਭਤ ਹੈ।

ਜਦੋਂ ਗੁਰੂ ਅਰਜਨ ਸਾਹਿਬ ਜੀ ਨੇ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਕੇ ਉਸਦਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕੀਤਾ, ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ

ਨੂੰ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਫੌਜਾਂ ਇਕਠੀਆਂ ਕੀਤੀਆ। ਅਕਾਲ ਤਖਤ ਸਾਹਿਬ ਜੀ ਦੀ ਰਚਨਾ ਕੀਤੀ ਤਾਂ ਇਸ ਸਾਰੀ ਮਹਾਨ ਸੇਵਾ ਵਿਚ ਆਪ ਜੀ ਨੇ ਮੁਖੀ ਸੇਵਾਦਾਰ ਦੇ ਤੌਰ ਤੇ ਸੇਵਾ ਨਿਭਾਈ।

ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਹਾਂਗੀਰ ਬਾਦਸ਼ਾਹ ਨੇ ਨਿਗਰਾਨੀ ਵਿਚ ਲਿਆ ਅਤੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ, ਤਾਂ ਕੁਝ ਚਿਰ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਦੀ ਖ਼ਬਰ ਲਿਆਉਣ ਵਾਸਤੇ ਗਵਾਲੀਅਰ ਭੇਜਿਆ। ਬਾਬਾ ਜੀ, ਗੁਰੂ ਜੀ ਨੂੰ ਮਿਲ ਕੇ ਸੁੱਖ-ਸੁਨੇਹਾ ਲੈ ਕੇ ਵਾਪਸ ਆਏ। ਗੁਰੂ ਜੀ ਦੀ ਨਿਗਰਾਨੀ ਸਮੇਂ ਹੀ ਬਾਬਾ ਬੁੱਢਾ ਜੀ ਨੇ ਰਾਤ ਵੇਲੇ 'ਚੌਕੀਆਂ' ਦਾ ਰਿਵਾਜ਼ ਤੋਰਿਆ। ਸ਼ਾਮ ਵੇਲੇ ਸੰਗਤਾਂ ਜੱਥਾ ਜਾਂ ਚੌਕੀ ਬਣਾ ਕੇ ਸ਼ਬਦ ਪੜ੍ਹਦੀਆਂ-ਪੜ੍ਹਦੀਆਂ ਦਰਬਾਰ ਸਾਹਿਬ ਦੀਆਂ ਪਰਕਰਮਾ ਕਰਦੀਆਂ ਅਤੇ ਮਗਰੋਂ ਅਰਦਾਸ ਕਰਕੇ ਵਿਦਾ ਹੁੰਦੀਆਂ। ਆਪ ਜੀ ਨੂੰ ਇਹ ਰੀਤ ਬੜੀ ਪਸੰਦ ਆਈ। ਆਪ ਨੇ ਆਗਿਆ ਕੀਤੀ ਕਿ ਇਹ ਰੀਤ ਸਦਾ ਜਾਰੀ ਰਹੇਗੀ। ਇਹ ਹੁਣ ਤੀਕ ਜਾਰੀ ਹੈ।

ਸਰੀਰ ਦੇ ਕਾਫੀ ਬਿਰਧ ਹੋ ਜਾਣ ਤਕ ਆਪ ਜੀ ਗੁਰੂ ਘਰ ਦੀਆਂ ਸੇਵਾਵਾਂ ਵਿਚ ਲਗਾਤਾਰ ਤਨਦੇਹੀ ਨਾਲ ਜੁੱਟੇ ਰਹੇ। ਅਖੀਰ ਗੁਰੂ ਜੀ ਤੋਂ ਆਗਿਆ ਲੈ ਕੇ ਬਾਬਾ ਬੁੱਢਾ ਜੀ ਆਪਣੇ ਜੱਦੀ ਪਿੰਡ ਰਮਦਾਸ ਆ ਟਿਕੇ । ਆਪ ਜੀ ਦੇ ਅੰਤਮ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਰਮਦਾਸ ਪੁੱਜੇ। ਗੁਰੂ ਜੀ ਦੇ ਦਰਸ਼ਨ ਕਰਕੇ, ਅਸੀਸ ਲੈ ਕੇ, 16 ਨਵੰਬਰ 1631 ਨੂੰ ਬਾਬਾ ਬੁੱਢਾ ਜੀ ਨੂੰ ਗੁਰਪੁਰੀ ਸਿਧਾਰੇ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

****

ਫਿਲਾਸਫ਼ੀ

8. ਧਰਮ ਕੀ ਹੈ ?

ਮਨੁੱਖ ਅਤੇ ਅਕਾਲ ਪੁਰਖ ਵਿਚਲੇ ਪ੍ਰਸਪਰ ਆਤਮਕ ਸੰਬੰਧ ਨੂੰ ਹੀ ਧਰਮ ਕਹਿੰਦੇ ਹਨ। ਇਹ ਮਨੁੱਖੀ ਜੀਵਨ ਦਾ ਆਸ਼ਾ ਤੇ ਉਦੇਸ਼ ਪ੍ਰਦਾਨ ਕਰਦਾ ਹੈ। ਇਹਦੇ ਵਿਚ ਜਾਤੀ ਜੀਵਨ ਦੇ ਉਹ ਸਿਧਾਂਤ ਤੇ ਰਹਿਣੀ-ਬਹਿਣੀ ਦੇ ਉਹ ਨਿਯਮ ਸ਼ਾਮਲ ਹਨ, ਜਿਨ੍ਹਾਂ ਉੱਤੇ ਚੱਲ ਕੇ ਮਨੁੱਖ ਦੇ ਮਨ ਨੇ ਪ੍ਰਭੂ ਨਾਲ ਇਕ ਸੁਰ ਹੋਣਾ ਹੈ।

ਅਸੀਂ ਆਮ ਤੌਰ ਤੇ ਜਦ ਕਿਸੇ ਗਲ ਦਾ ਸਪਸ਼ਟੀਕਰਨ ਦੇਂਦੇ ਹਾਂ ਤਾਂ ਕਹਿੰਦੇ ਹਾਂ ਕਿ ਧਰਮ ਨਾਲ ਮੈ ਇਹ ਕੰਮ ਨਹੀਂ ਕੀਤਾ ਜਿਸ ਦਾ ਭਾਵ ਹੈ ਜੋ ਕੁਝ ਮੈਂ ਕਹਿ ਰਿਹਾ ਹਾਂ 100% ਸੱਚ ਹੈ। ਜੀਵ ਭੁਲੱਣਹਾਰ ਹੈ ਕੇਵਲ ਵਾਹਿਗੁਰੂ ਜੀ ਅਭੁੱਲ ਹਨ। ਇਸ ਲਈ ਕੇਵਲ ਇਕ ਅਕਾਲ ਪੁਰਖ ਜੀ ਉਤੇ ਦ੍ਰਿੜ੍ਹ ਵਿਸ਼ਵਾਸ ਰੱਖਣ ਵਾਲਾ ਤੇ

ਮੰਨਣ ਵਾਲਾ ਹੀ ਧਰਮੀ ਹੈ।

ਧਰਮ ਦਾ ਉਦੇਸ਼ ਉਸ ਅਨੰਤ ਸ਼ਕਤੀ ਦੇ ਮਾਲਕ ਪਰਮਾਤਮਾ ਨਾਲ ਇਕ ਸੁਰ ਹੋਣਾ ਹੈ। ਕੁਝ ਰੀਤਾਂ-ਰਸਮਾਂ ਜਾਂ ਕਰਮ ਕਾਂਡਾਂ ਨੂੰ ਨਿਭਾ ਲੈਣ ਵਾਲਾ ਧਰਮੀ ਨਹੀਂ ਮੰਨਿਆ ਜਾ ਸਕਦਾ। ਸਗੋਂ ਸੱਚਾ ਧਰਮ ਤਾਂ ਅੰਤਰ-ਆਤਮੇ ਇਕ ਅਜਿਹਾ ਅਨੁਭਵ ਹੈ ਜਿਸ ਦੁਆਰਾ ਪਰਮਾਤਮਾ ਸਰਬ-ਵਿਆਪੀ ਦਿਸਦਾ ਹੈ।

ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਲਈ ਕੇਵਲ ਇਕੋ ਧਰਮ ਹੀ ਮੰਨਿਆ ਹੈ, ਗੁਰਬਾਣੀ ਵਿਚ ਸਪੱਸ਼ਟ ਫੁਰਮਾਨ ਹੈ:-

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (ਪੰਨਾ 469)

ਭਾਵ:- ਸਾਰੇ ਸੰਸਾਰ ਦਾ ਇਕੋ ਹੀ ਧਰਮ ਹੈ ਜੇ ਕੋਈ ਇਹ ਭੇਦ ਸਮਝ ਲਵੇ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਮੈਂ ਉਸ ਦਾ ਦਾਸ ਹਾਂ।

ਇਹ ਧਰਮ ਸਭ ਸਮਿਆਂ ਵਿਚ ਬਿਨਾਂ ਤਬਦੀਲੀ ਇਕ ਰਸ ਰਹਿੰਦਾ ਹੈ। ਜਿਹਾ ਕਿ ਗੁਰਵਾਕ ਹੈ:-

ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
(ਪੰਨਾ 1188)

ਭਾਵ:- ਪ੍ਰਭੂ ਦਾ ਨਾਮ ਸਿਮਰਨ ਹੀ ਇਕੋ ਇਕ ਧਰਮ ਹੈ। ਗੁਰੂ ਦੀ ਮੱਤ ਦਾ ਆਸਰਾ ਲੈ ਕੇ ਸਦਾ ਲਈ ਵਿਕਾਰਾਂ ਤੋਂ ਬਚ ਜਾਈਦਾ ਹੈ।

ਸਿੱਖ ਗੁਰੂ ਸਾਹਿਬਾਨ ਨੇ ਇਸ ਤਰ੍ਹਾਂ ਧਰਮ ਦੀ ਇਕ ਅਸਚਰਜ ਸੁੰਦਰ ਸੰਪੂਰਨ ਅਤੇ ਸਭ 'ਤੇ ਲਾਗੂ ਹੋਣ ਵਾਲੀ ਵਿਆਖਿਆ ਕੀਤੀ ਹੈ। ਗੁਰੂ ਅਰਜਨ ਸਾਹਿਬ ਜੀ ਫਰਮਾਉਂਦੇ ਹਨ:-

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥ (ਪੰਨਾ-266)

ਭਾਵ :- ਹੇ ਮਨ! ਪ੍ਰਭੂ ਦਾ ਨਾਮ ਜਪ ਤੇ ਪਵਿੱਤਰ ਆਚਰਣ ਬਣਾ। ਇਹ ਧਰਮ ਹੀ ਸਭ ਧਰਮਾਂ ਨਾਲੋਂ ਉੱਤਮ ਹੈ। ਇਸ ਅਨੁਸਾਰ ਧਰਮ ਕੇਵਲ ਪ੍ਰਲੋਕ ਦੇ ਸੁਖ ਦਾ ਸਾਧਨ ਨਹੀਂ ਰਹਿ ਜਾਂਦਾ, ਬਲਕਿ ਸੰਸਾਰਕ ਜੀਵਨ ਨੂੰ ਸੁਖੀ ਤੇ ਸਫ਼ਲ ਬਣਾਉਣ ਅਤੇ ਸੰਸਾਰਕ ਉੱਨਤੀ ਲਈ ਵੀ ਸਹਾਇਕ ਬਣ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਵਿਚ ਪ੍ਰਭੂ ਪ੍ਰਾਪਤੀ ਲਈ ਪੰਜ ਖੰਡ ਅਰਥਾਤ ਪੰਜ ਅਵਸਥਾਵਾਂ ਦਰਸਾਈਆਂ ਹਨ। ਪਹਿਲੀ ਆਤਮਕ ਅਵਸਥਾ ਦਾ ਨਾਂ ਧਰਮ ਖੰਡ ਰੱਖਿਆ ਹੈ :-

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸੁ ਵਿਚਿ ਜੀਅ ਜੁਗਤਿ

ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ (ਪੰਨਾ–7)

ਇਸ ਅਵਸਥਾ ਵਿਚ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਸ ਧਰਤੀ ਤੇ ਮਨੁੱਖ ਧਰਮ ਕਮਾਉਣ ਲਈ ਆਇਆ ਹੈ ਤੇ ਉਸਦੇ ਕੀਤੇ ਕਰਮਾਂ ਨੂੰ ਗਹੁ ਨਾਲ ਵਾਚਿਆ ਜਾਣਾ ਹੈ। ਇੰਜ ਉਸਨੂੰ ਆਪਣੇ ਫਰਜ਼ (ਧਰਮ) ਦੀ ਸੋਝੀ ਹੁੰਦੀ ਹੈ, ਜਿਸ ਤੋਂ ਆਤਮਿਕ ਜੀਵਨ ਦੀ ਉਸਾਰੀ ਆਰੰਭ ਹੁੰਦੀ ਹੈ।

ਕਈ ਵਿਚਾਰਵਾਨਾਂ ਨੇ ਧਰਮ ਤੇ ਮਜ਼ਬ ਦੋਹਾਂ ਨੂੰ ਨਿਖੇੜਿਆ ਹੈ। ਮਜ਼ਬ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਰਸਤਾ। ਧਰਮ ਤੋਂ ਭਾਵ ਸਰਬ ਸਾਂਝੀਆਂ ਸੱਚਾਈਆਂ ਲਿਆ ਹੈ, ਜਿਹਾ ਕਿ ਵਾਹਿਗੁਰੂ ਦੀ ਹੋਂਦ ਨੂੰ ਮੰਨਣਾ, ਸੱਚਾਈ, ਨੇਕੀ, ਪ੍ਰੇਮ ਤੇ ਸੇਵਾ ਆਦਿਕ ਗੁਣਾਂ ਨੂੰ ਧਰਮ ਕਿਹਾ ਹੈ।

ਧਰਮ ਬਾਰੇ ਕੁਝ ਪੱਛਮੀਂ ਵਿਦਵਾਨਾਂ ਦੀ ਰਾਇ ਇਸ ਪ੍ਰਕਾਰ ਹੈ –

ਇਕ ਪੱਛਮੀ ਵਿਦਵਾਨ ਲਿਖਦਾ ਹੈ ਕਿ ਵਹਿਮ, ਭਰਮ ਤੇ ਪਾਖੰਡ ਦਾ ਨਾਂ ਧਰਮ ਨਹੀਂ। ਸੱਚਾਈ ਨਾਲ ਪਿਆਰ ਕਰਨਾ,ਦੁਖੀਆਂ ਦੀ ਸੇਵਾ ਕਰਨੀ, ਨਿਰਬਲਾਂ ਤੇ ਗਰੀਬਾਂ ਦੀ ਸਹਾਇਤਾ ਕਰਨੀ, ਅਜ਼ਾਦੀ ਨਾਲ ਪਿਆਰ ਕਰਨਾ,ਹਰ ਤਰ੍ਹਾਂ ਦੀ ਗੁਲਾਮੀ ਦੇ ਵਿਰੁੱਧ ਲੜਨਾ, ਦਲੇਰੀ ਤੇ ਸਾਹਸ ਨੂੰ ਵਧਾਉਣਾ, ਮਜ਼ਬੀ ਜਾਂ ਜਾਤੀ ਵਿਤਕਰੇ ਨੂੰ ਘੱਟ ਕਰਨਾ, ਮਨੁੱਖ ਮਾਤਰ ਦੇ ਭਲੇ ਲਈ ਇਸ ਢੰਗ ਨਾਲ ਯਤਨ ਕਰਨਾ ਜਿਸ ਨਾਲ ਮਨੁੱਖ ਦੇ ਦਿਲ ਦਿਮਾਗ ਨੂੰ ਤਸੱਲੀ ਹੋਵੇ, ਇਹੀ ਸੱਚਾ ਧਰਮ ਹੈ।

ਇਕ ਵਿਦਵਾਨ ਨੇ ਲਿਖਿਆ ਹੈ ਕਿ ਸੱਚਾਈ ਉਪਰ ਇਖਲਾਕੀ ਭਰੋਸੇ ਦਾ ਨਾਂ ਹੀ ਧਰਮ ਹੈ **(Moral trust in reality is Religion) ।**

ਕਾਂਟ ਲਿਖਦਾ ਹੈ ਕਿ ਆਪਣੇ ਸਾਰੇ ਨੈਤਿਕ ਫ਼ਰਜ਼ਾਂ ਨੂੰ ਰੱਬੀ ਹੁਕਮ ਮੰਨਣਾ ਧਰਮ ਅਖਵਾਉਂਦਾ ਹੈ।

ਫਿਸ਼ਤੇ ਲਿਖਦਾ ਹੈ ਕਿ ਧਰਮ ਮਨੁੱਖ ਨੂੰ ਆਪਣੇ ਆਪ ਦੀ ਅਸਲੀਅਤ ਬਾਰੇ ਸਪੱਸ਼ਟ ਸੋਝੀ ਦਿੰਦਾ ਹੈ।

ਅਸਲ ਵਿਚ ਧਰਮ ਉਹ ਪਵਿੱਤਰ ਨਿਯਮ ਹੈ ਜੋ ਸਾਡੇ **ਜੀਵਨ** ਨੂੰ ਸ਼ੁੱਧ ਕਰਦਾ, ਕਾਇਮ ਰੱਖਦਾ ਅਤੇ ਉਸ ਦੀ ਉਸਾਰੀ ਕਰਦਾ ਹੈ।

ਜਿਨ੍ਹਾਂ ਸਿਧਾਂਤਾਂ ਅਸੂਲਾਂ, ਰਹਿਣੀ ਬਹਿਣੀ ਦੇ ਨਿਯਮਾਂ ਤੇ ਚਿੰਨ੍ਹਾਂ ਆਦਿ ਰਾਹੀਂ ਹਿੰਦੂ, ਜੈਨੀ, ਬੋਧੀ, ਈਸਾਈ, ਮੁਸਲਮਾਨ ਆਦਿਕ ਅੱਡੋ ਅੱਡ ਮਾਲੂਮ ਹੁੰਦੇ ਹਨ ਉਨ੍ਹਾਂ ਨੂੰ ਮਜ਼ਬ ਕਿਹਾ ਹੈ। ੁਇਲਗਿੋਨਿ ਸਿ ਓ ਸੇਸਟਇਮ ੋਡ ਧੋਗਮਓ

ਭਾਵ ਮਜ਼ਬੂਤ ਨੀਯਤ ਕੀਤੇ ਹੋਏ ਸਿਧਾਂਤਾਂ ਦੀ ਇਕ ਰਹੁ–ਰੀਤੀ ਦਾ ਨਾਂ ਹੈ।

ਇਹ ਇਕ ਸੱਚਾਈ ਹੈ ਕਿ ਜਦੋਂ ਤੋਂ ਮਨੁੱਖ ਬਣਿਆ ਹੈ, ਉਦੋਂ ਤੋਂ ਹੀ ਧਰਮ ਅਤੇ ਮਜ਼ਬ ਚਲਿਆ ਆਉਂਦਾ ਹੈ। **ਧਰਮ ਇਕ ਮੂਲ ਤੱਤ ਤੇ ਸੱਚਾਈ ਹੈ, ਜਿਸ ਦੇ ਆਸਰੇ ਸੰਸਾਰ ਕਾਇਮ ਹੈ।** ਕਈ ਆਦਮੀ ਕਹਿੰਦੇ ਹਨ ਕਿ ਜੇ ਧਰਮ ਇਕ ਆਦਿ ਤੇ ਅਟੱਲ ਸੱਚਾਈ ਹੈ ਤਾਂ ਫਿਰ ਦੁਨੀਆਂ ਵਿਚ ਭਿੰਨ ਭਿੰਨ ਮਜ਼ਬ ਕਿਉਂ ਹਨ? ਇਸ ਦਾ ਉੱਤਰ ਇਹ ਹੈ ਕਿ ਜਿਸ ਤਰ੍ਹਾਂ ਵਿਗਿਆਨਕ (ਸ਼ਚਇਨਟਡਿਚਿ) ਦੁਨੀਆਂ ਵਿਚ ਇਕ ਵਸਤੂ ਸਬੰਧੀ ਭਿੰਨ ਭਿੰਨ ਸਾਇੰਸਦਾਨਾਂ ਦੇ ਤਜਰਬੇ ਤੇ ਅਨੁਭਵ ਵੱਖੋ ਵੱਖ ਹੁੰਦੇ ਹਨ, ਇਸੇ ਤਰ੍ਹਾਂ ਧਰਮ ਦੇ ਅਨੇਕਾਂ ਅੰਗਾਂ ਵਿਚੋਂ ਜਿਸ ਵੀ ਪੁਰਸ਼ ਨੇ ਕਿਸੇ ਵਿਸ਼ੇਸ਼ ਅੰਗ ਜਾਂ ਕਿਸੇ ਇਕ ਸੱਚਾਈ ਨੂੰ ਵਧੇਰੇ ਅਪਣਾਇਆ ਹੈ, ਉਸ ਨੇ ਉਸੇ ਰੌਸ਼ਨੀ ਵਿਚ ਧਰਮ ਨੂੰ ਕਥਨ ਕੀਤਾ ਹੈ। ਜਿਸ ਤਰ੍ਹਾਂ ਵੱਖੋ ਵੱਖ ਰੰਗਾਂ ਦੀਆਂ ਐਨਕਾਂ ਲਾ ਕੇ ਕਈ ਆਦਮੀ ਇਕੋ ਚੀਜ਼ ਨੂੰ ਕਈ ਰੰਗਾਂ ਵਿਚ ਵੇਖਦੇ ਹਨ, ਇਸੇ ਤਰ੍ਹਾਂ ਭਿੰਨ ਭਿੰਨ ਮਹਾਂਪੁਰਸ਼ਾਂ ਨੇ ਧਰਮ ਦੇ ਰੂਪ ਨੂੰ ਦੇਖਿਆ ਤੇ ਕਥਨ ਕੀਤਾ ਹੈ।

ਇਸ ਵਕਤ ਮਨੁੱਖੀ ਸਮਾਜ ਮਾਇਆਵਾਦ, ਸਾਇੰਸ ਅਤੇ ਰਾਜਨੀਤਿਕ ਜੁੱਗ ਗਰਦੀ ਵਿਚੋਂ ਲੰਘ ਰਿਹਾ ਹੈ। ਧਰਮ ਵੱਲ ਰੁਚੀ ਘੱਟ ਰਹੀ ਹੈ। ਇਸ ਲਈ ਮਾਨਸਿਕ ਅਸ਼ਾਂਤੀ ਵਧ ਰਹੀ ਹੈ। ਸੰਸਾਰ ਵਿਚ ਹਰੇਕ ਵਸਤੂ ਆਪਣੇ ਧੁਰੇ ਜਾਂ ਆਕਰਸ਼ਣ ਸ਼ਕਤੀ ਦੇ ਕੇਂਦਰ (ਚਇਨਟਰਏ ੋਡ ਗਰਓਵਟਿੇ) ਆਸਰੇ ਖੜੀ ਹੈ। ਉਸ ਤੋਂ ਲਾਂਭੇ ਹੋ ਕੇ ਛਿੰਨ ਭਿੰਨ ਹੋ ਜਾਂਦੀ ਹੈ, ਇਸੇ ਤਰ੍ਹਾਂ ਮਨੁੱਖੀ ਸਮਾਜ ਧਰਮ ਦੇ ਆਸਰੇ ਰਹਿੰਦਾ ਹੈ।

ਇਸੇ ਲਈ ਗੁਰੂ ਅਰਜਨ ਸਾਹਿਬ ਜੀ ਫ਼ਰਮਾਉਂਦੇ ਹਨ:

ਨਹ ਬਿਲੰਬ ਧਰਮੰ, ਬਿਲੰਬ ਪਾਪੰ॥ ਦ੍ਰਿੜੰਤ ਨਾਮੰ, ਤਜੰਤ ਲੋਭੰ॥
ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖ੍ਿਣ॥

(ਪੰਨਾ 1354)

ਭਾਵ :– ਧਰਮ ਦਾ ਕਰਮ ਕਰਨ ਵਿਚ ਦੇਰੀ ਨਾ ਕਰੋ, ਪਾਪ ਵਿਚ ਢਿਲ ਕਰੋ। ਨਾਮ ਨੂੰ ਦ੍ਰਿੜ੍ਹ ਅਤੇ ਲੋਭ ਦਾ ਤਿਆਗ ਕਰੋ। ਗੁਰਮੁਖਾਂ ਦੀ ਸੰਗਤ ਵਿਚ ਪਾਪ ਨਾਸ਼ ਹੁੰਦੇ ਹਨ। ਇਹ ਧਰਮ ਪ੍ਰਾਪਤੀ ਦੇ ਲੱਛਣ ਹਨ।

ਸੋ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਵਲੋਂ ਦ੍ਰਿੜ ਕਰਵਾਇਆ ਧਰਮ ਜੀਵਨ ਦੇ ਆਤਮਿਕ,ਸਮਾਜਿਕ, ਆਰਥਿਕ, ਰਾਜਨੀਤਿਕ, ਮਾਨਸਿਕ ਆਦਿ ਸਮੁੱਚੇ ਜੀਵਨ ਦੇ ਅੰਦਰ ਨੇਕੀ, ਸਦਾਚਾਰ, ਇਮਾਨਦਾਰੀ, ਨਿਸੁਆਰਥ ਸੇਵਾ, ਪਰਉਪਕਾਰ ਆਦਿ ਵੱਲ ਪ੍ਰੇਰਿਤ ਕਰਕੇ ਮਨੁੱਖ ਤੇ ਸਮਾਜ ਨੂੰ ਆਦਰਸ਼ਕ ਬਣਾਉਂਦਾ ਹੈ।

9. ਧਰਮ ਦੀ ਲੋੜ

ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਸੁਭਾਵਕ ਹੀ ਸਮਾਜ ਵਿਚ ਰਹਿਣਾ ਪਸੰਦ ਕਰਦਾ ਹੈ। ਸਮਾਜ ਵਿਚ ਰਹਿੰਦੇ ਹੋਏ ਮਨੁੱਖ ਨੂੰ ਸਦਾਚਾਰਕ ਨਿਯਮਾਵਲੀ ਦੀ ਪਾਲਣਾ ਕਰਨੀ ਪੈਂਦੀ ਹੈ। ਇਨ੍ਹਾਂ ਸਦਾਚਾਰਕ ਨਿਯਮਾਂ ਦੀ ਪੂਰਤੀ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਅਤੇ ਕਈ ਵਾਰੀ ਇਨ੍ਹਾਂ ਦੀ ਪਾਲਣਾ ਕਰਨ ਲਈ ਰਾਜਸੀ ਕਾਨੂੰਨ ਵੀ ਬਣਾਏ ਜਾਂਦੇ ਹਨ। ਇਹ ਸਦਾਚਾਰਕ ਨਿਯਮ ਤੇ ਕਾਨੂੰਨ ਮਨੁੱਖ ਦੀ ਅੰਦਰਲੀ ਸ਼ਖਸੀਅਤ ਨੂੰ ਘੜਨ ਵਿਚ ਸਹਾਈ ਨਹੀਂ ਹੁੰਦੇ। ਜਿਵੇਂ ਮਿਸਾਲ ਦੇ ਤੌਰ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਲੋਕਾਂ ਨੂੰ ਬਚਾਉਣ ਲਈ ਰਾਜ ਅਤੇ ਸਮਾਜ ਦੇ ਨਿਯਮ ਤੋਂ ਬਿਨਾਂ ਕਿਸੇ ਹੋਰ ਨਿਯਮ ਦੀ ਲੋੜ ਵੀ ਪੈਂਦੀ ਹੈ। ਇਹ ਨਿਯਮ ਕੇਵਲ ਧਰਮ ਹੀ ਪੈਦਾ ਕਰ ਸਕਦਾ ਹੈ।

ਆਧੁਨਿਕ ਕਾਲ ਵਿਚ ਧਰਮ ਦੀ ਲੋੜ ਉਸੇ ਤਰ੍ਹਾਂ ਹੀ ਮਹਿਸੂਸ ਕੀਤੀ ਜਾ ਰਹੀ ਹੈ ਜਿਸ ਤਰ੍ਹਾਂ ਅੱਗੇ ਮਹਿਸੂਸ ਕੀਤੀ ਜਾਂਦੀ ਸੀ। ਸਾਇੰਸ ਅਤੇ ਸ਼ਿਲਪ ਵਿਗਿਆਨ ਦੀ ਉੱਨਤੀ ਇਨਸਾਨ ਨੂੰ ਸ੍ਵੈ ਪੂਰਨ ਨਹੀਂ ਬਣਾ ਰਹੀ ਕਿਉਂਕਿ ਮਨੁੱਖੀ ਆਚਰਨ ਨੂੰ ਉੱਚਾ ਚੁੱਕਣ ਲਈ ਇਨ੍ਹਾਂ ਵਲੋਂ ਅਜਿਹੇ ਕੰਮ ਨਹੀਂ ਕੀਤੇ ਜਾਂਦੇ ਜਿਹੜੇ ਧਰਮ ਦੀ ਥਾਂ ਲੈ ਸਕਣ। ਵੀਹਵੀਂ ਸਦੀ ਵਿਚ ਇਹ ਖਿਆਲ ਕੀਤਾ ਜਾਂਦਾ ਸੀ ਕਿ ਸਾਇੰਸ ਕੋਈ ਐਸੈ ਨਿਯਮ ਬਣਾ ਦੇਵੇਗੀ, ਜਿਹੜੇ ਮਨੁੱਖ ਨੂੰ ਸਮਾਜਿਕ ਤੌਰ ਤੇ ਇਕੱਠਾ ਰੱਖ ਸਕਣ, ਪਰ ਅਜੇ ਤੱਕ ਸਾਇੰਸ ਇਸ ਵਿਚ ਅਸਫ਼ਲ ਰਹੀ ਹੈ। ਇਸ ਵੇਲੇ ਸਭ ਤੋਂ ਉੱਨਤ ਦੇਸ਼ ਐਸੇ ਫੌਜੀ ਹਥਿਆਰ ਬਣਾ ਰਹੇ ਹਨ, ਜਿਨ੍ਹਾਂ ਦੀ ਵਰਤੋਂ ਕੀਤਿਆਂ ਮਨੁੱਖ ਜਾਤੀ ਹੀ ਖਤਮ ਹੋ ਜਾਵੇਗੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਮਨੁੱਖੀ ਭਲਾਈ ਦਾ ਆਦਰਸ਼ ਇਸ ਵਿਗਿਆਨਕ ਉੱਨਤੀ ਨੂੰ ਕੋਈ ਅਪੀਲ ਨਹੀਂ ਕਰਦਾ ਜਾਪਦਾ। ਜੇ ਅੱਜ ਕਲ੍ਹ ਦੁਨੀਆਂ ਵਿਚ ਕੋਈ ਇਮਾਨਦਾਰੀ, ਤਰਸ, ਦਇਆ, ਭਲਮਾਣਸੀ ਜਾਂ ਸਾਊਪੁਣਾ ਹੈ ਤਾਂ ਉਹ ਕਿਸੇ ਹੋਰ ਕਾਰਨਾਂ ਕਰਕੇ ਹੈ, ਸਾਇੰਸ ਦੀ ਉੱਨਤੀ ਕਰਕੇ ਨਹੀਂ।

ਚੰਗੇ ਆਚਰਨ, ਮਨੁੱਖਤਾ, ਸਹਿਣਸ਼ੀਲਤਾ, ਖਿਆਲਾਂ ਦੀ ਪਵਿੱਤ੍ਰਤਾ ਅਤੇ ਨੇਕ ਨੀਤੀ ਦੇ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਮੰਨੇ ਜਾਂਦੇ ਹਨ। ਸਾਇੰਸ ਨੇ ਇਨ੍ਹਾਂ ਮਨੁੱਖੀ ਇੱਛਾਵਾਂ ਨੂੰ ਘਟਾਇਆ ਨਹੀਂ ਸਗੋਂ ਵਧਾਇਆ ਹੈ। ਲੋਭ ਅਤੇ ਕ੍ਰੋਧ ਵਧੀਆਂ ਹੋਈਆਂ ਇੱਛਾਵਾਂ ਦੇ ਸੰਗੀ ਹਨ। ਇਨ੍ਹਾਂ ਦੋਹਾਂ ਨੇ ਅੱਗੇ ਨਾਲੋਂ ਵਧੇਰੇ ਖ਼ਤਰਨਾਕ ਰੂਪ ਧਾਰਣ ਕਰ ਲਿਆ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖੀ ਇੱਛਾਵਾਂ ਨੇ ਲੋਭ ਅਤੇ ਕ੍ਰੋਧ ਨੂੰ ਕਾਬੂ ਕਰਨ ਵਾਲੀਆਂ ਆਤਮਕ ਸ਼ਕਤੀਆਂ ਨੂੰ ਕਮਜ਼ੋਰ ਕਰ ਦਿੱਤਾ ਹੈ । ਆਧੁਨਿਕ ਸਾਇੰਸ ਦਾ ਗਿਆਨ ਕਾਮ, ਕ੍ਰੋਧ ਤੇ ਲੋਭ ਨੂੰ ਘਟਾਉਣ ਦਾ ਯਤਨ ਨਹੀਂ ਕਰਦਾ। ਇਸ ਦੇ ਉਲਟ ਇਨ੍ਹਾਂ ਨੂੰ

ਵਧਾਉਣ ਦਾ ਸਮਾਨ ਬੜੀ ਤੇਜ਼ ਰਫ਼ਤਾਰ ਨਾਲ ਵਧ ਰਿਹਾ ਹੈ।

ਇਨ੍ਹਾਂ ਬੁਰਾਈਆਂ ਨੂੰ ਕਾਬੂ ਕਰਨ ਵਾਲੀ ਸਿਰਫ਼ ਇਕ ਚੀਜ਼ ਹੈ ਅਤੇ ਉਹ ਹੈ, ਧਰਮ ਰਾਹੀਂ ਨੈਤਿਕ ਕਦਰਾਂ-ਕੀਮਤਾਂ ਦੀ ਸੋਝੀ। ਇਹ ਸੋਝੀ ਪਰਮਾਤਮਾ ਪ੍ਰਤੀ ਸ਼ਰਧਾ ਅਤੇ ਨਿਰਮਲ ਭਉ ਵਿਚੋਂ ਪੈਦਾ ਹੁੰਦੀ ਹੈ। ਸਭਿਅਤਾ ਦੀ ਉੱਨਤੀ ਦਾ ਕਾਰਨ ਹੀ ਅਸਲ ਵਿਚ ਇਹ ਸੋਝੀ ਹੈ। ਇਹ ਵੀ ਠੀਕ ਹੈ ਕਿ ਕੁਝ ਹੱਦ ਤੱਕ ਸ਼ਰਮ ਅਤੇ ਡਰ ਇਨਸਾਨ ਨੂੰ ਬਦਚਲਨੀ ਤੋਂ ਰੋਕਦਾ ਹੈ। ਇਹ ਸ਼ਰਮ ਜਾਂ ਡਰ ਬਾਹਰਲੀਆਂ ਹਰਕਤਾਂ ਨੂੰ ਤਾਂ ਰੋਕ ਸਕਦਾ ਹੈ, ਪ੍ਰੰਤੂ ਭੈੜੇ ਵਿਚਾਰਾਂ ਨੂੰ ਠੀਕ ਨਹੀਂ ਕਰ ਸਕਦਾ। ਭੈੜੇ ਵਿਚਾਰਾਂ ਨੂੰ ਠੀਕ ਕਰਨ ਲਈ ਵਿਅਕਤੀ ਨੂੰ ਕਿਸੇ ਅਜਿਹੇ ਸਾਧਨ ਦੀ ਲੋੜ ਪੈਂਦੀ ਹੈ ਜੋ ਉਸ ਦੇ ਮਨ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੋਵੇ। ਇਸੇ ਸਾਧਨ ਨੂੰ ਧਰਮ ਦਾ ਨਾਂ ਦਿੱਤਾ ਗਿਆ ਹੈ ਜੋ ਵਿਅਕਤੀ ਦੇ ਵਿਕਾਰਾਂ ਤੇ ਭੈੜੇ ਵਿਚਾਰਾਂ ਨੂੰ ਕਾਬੂ ਕਰਕੇ ਉਸ ਨੂੰ ਨੇਕ ਇਨਸਾਨ ਬਣਾਉਣ ਵਿਚ ਸਹਾਇਤਾ ਕਰਦਾ ਹੈ।

ਜੇ ਸਮਾਜਿਕ ਅਤੇ ਆਤਮਿਕ ਉੱਨਤੀ ਲਈ ਆਚਰਨ ਜ਼ਰੂਰੀ ਹੈ ਤਾਂ ਸਾਨੂੰ ਉਹ ਸਾਧਨ ਵਰਤਣਾ ਚਾਹੀਦਾ ਹੈ ਜੋ ਇਸ ਨੂੰ ਉੱਚਾ ਚੁੱਕਣ ਵਿਚ ਸਹਾਈ ਹੋ ਸਕੇ। ਇਤਿਹਾਸ ਵਿਚ, ਆਚਰਨ ਨੂੰ ਉੱਚਾ ਕਰਨ ਲਈ, ਜੋ ਸਾਧਨ ਸਫ਼ਲਤਾ ਨਾਲ ਵਰਤਿਆ ਗਿਆ, ਉਸ ਨੂੰ ਧਰਮ ਦਾ ਨਾਂ ਦਿੱਤਾ ਗਿਆ ਹੈ। ਇਹ ਧਰਮ ਹੀ ਹੈ ਜੋ ਇਨਸਾਨ ਨੂੰ ਵਿਕਾਰਾਂ ਦੇ ਵਿਰੁੱਧ ਖੜੇ ਹੋਣ ਦੀ ਪ੍ਰੇਰਣਾ ਸ਼ਕਤੀ ਦਿੰਦਾ ਹੈ। ਸਾਡੀ ਸਭਿਅਤਾ ਅਤੇ ਆਦਰਸ਼ਕ ਸਮਾਜਿਕ ਜੀਵਨ ਦਾ ਆਧਾਰ ਹੀ ਧਰਮ ਦੀ ਸੂਝ ਹੈ। ਕਈ ਵਾਰ ਧਰਮ ਦਾ ਅਸਰ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ ਅਤੇ ਕਈ ਵਾਰ ਨਹੀਂ, ਪਰ ਹੁੰਦਾ ਜ਼ਰੂਰ ਹੈ। ਹਰ ਸਮੇਂ ਸਮਾਜ ਦੇ ਸਿਆਣੇ ਸਾਰੀ ਤਾਕਤ ਦਾ ਅਧਾਰ ਅਤੇ ਪ੍ਰੇਰਣਾ ਸਰੋਤ ਇਸੇ ਨੂੰ ਮੰਨਦੇ ਹਨ। ਧਰਮ ਦੇ ਦੱਸੇ ਹੋਏ ਰਾਹ ਤੇ ਚੱਲ ਕੇ ਝੂਠੀਆਂ ਇੱਛਾਵਾਂ ਤੇ ਵਾਸ਼ਨਾਵਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ ਕਿਉਂਕਿ ਸ਼ਾਂਤਮਈ ਅਤੇ ਆਦਰਸ਼ ਸੋਮਾ ਵੀ ਇਸੇ ਵਿਚੋਂ ਪੁੰਗਰਦਾ ਹੈ। ਸਾਇੰਸ ਦੀ ਉੱਨਤੀ ਨੇ ਧਰਮ ਦੇ ਵਾਧੇ ਲਈ ਵੀ ਰਾਹ ਖੋਲ੍ਹ ਦਿੱਤੇ ਹਨ ਕਿਉਂਕਿ ਪਦਾਰਥਕ ਉੱਨਤੀ ਧਰਮ ਤੋਂ ਬਿਨਾਂ ਇਕ ਬਹੁਤ ਖਤਰਨਾਕ ਹਥਿਆਰ ਹੈ। ਜੇ ਇਕ ਵਾਰ ਧਰਮ ਦਾ ਪੰਧ ਉੱਖੜ ਗਿਆ ਤਾਂ ਸ਼ੈਤਾਨੀ ਤਾਕਤਾਂ ਦੀ ਐਸੀ ਜਿੱਤ ਹੋਵੇਗੀ ਕਿ ਸਾਰੀ ਦੁਨੀਆਂ ਉੱਤੇ ਬੁਰਾਈਆਂ ਹੀ ਬੁਰਾਈਆਂ ਛਾ ਜਾਣਗੀਆਂ। ਇਸ ਲਈ ਧਰਮ ਨੂੰ ਜਿੰਦਗੀ ਦਾ ਅਟੁੱਟ ਅੰਗ ਮੰਨਿਆ ਜਾਂਦਾ ਹੈ ਜੋ ਕਿ ਸਮਾਜ, ਕੌਮ, ਨਸਲ, ਦੇਸ਼, ਭਾਈਚਾਰੇ ਆਦਿ ਸਮੁੱਚੀ ਮਨੁੱਖਤਾ ਨੂੰ ਇਕੱਠੇ ਰੱਖਣ ਦਾ ਕੰਮ ਕਰਦਾ ਹੈ ਅਤੇ ਮਨੁੱਖ ਲਈ ਚੰਗੇ ਕੰਮ ਕਰਨ ਦਾ ਪ੍ਰੇਰਣਾਸ੍ਰੋਤ ਬਣਦਾ ਹੈ। ਇੱਨ੍ਹਾ ਹੀ ਨਹੀਂ, ਧਰਮ, ਵਿਅਕਤੀ ਨੂੰ ਵਿਅਕਤੀ ਦੇ ਨੇੜੇ ਲਿਆ ਕੇ, ਉਸ ਨੂੰ ਸੰਕੀਰਣ

ਤੌਰ ਤੇ ਸੋਚਣ ਅਤੇ ਕੰਮ ਕਰਨ ਤੋਂ ਬਚਾਉਂਦਾ ਹੈ। ਇਸੇ ਕਰਕੇ ਹਰ ਇਕ ਵਿਅਕਤੀ ਅਤੇ ਸਮਾਜ ਨੂੰ ਧਰਮ ਦੀ ਲੋੜ ਪੈਂਦੀ ਹੈ।

****

ਸ਼ਬਦ-ਵੀਚਾਰ

ਤੁਮ, ਦਾਤੇ, ਠਾਕੁਰ, ਪ੍ਰਤਿਪਾਲਕ, ਨਾਇਕ, ਖਸਮ ਹਮਾਰੇ॥

ਧਨਾਸਰੀ ਮਹਲਾ 5 ॥(ਪੰਨਾ-673)

ਤੁਮ, ਦਾਤੇ, ਠਾਕੁਰ, ਪ੍ਰਤਿਪਾਲਕ, ਨਾਇਕ, ਖਸਮ ਹਮਾਰੇ ॥ ਨਿਮਖ ਨਿਮਖ, ਤੁਮ ਹੀ ਪ੍ਰਤਿਪਾਲਹੁ, ਹਮ ਬਾਰਿਕ, ਤੁਮਰੇ ਧਾਰੇ ॥1॥ ਜਿਹਵਾ ਏਕ, ਕਵਨ ਗੁਨ ਕਹੀਐ ॥ ਬੇਸੁਮਾਰ, ਬੇਅੰਤ ਸੁਆਮੀ, ਤੇਰੋ ਅੰਤੁ,ਨ ਕਿਨ ਹੀ ਲਹੀਐ ॥1॥ ਰਹਾਉ॥ ਕੋਟਿ ਪਰਾਧ ਹਮਾਰੇ, ਖੰਡਹੁ, ਅਨਿਕ ਬਿਧੀ ਸਮਝਾਵਹੁ ॥ ਹਮ, ਅਗਿਆਨ, ਅਲਪ ਮਤਿ ਥੋਰੀ, ਤੁਮ, ਆਪਨ ਬਿਰਦੁ ਰਖਾਵਹੁ ॥2॥ਤੁਮਰੀ ਸਰਣਿ, ਤੁਮਾਰੀ ਆਸਾ, ਤੁਮ ਹੀ ਸਜਨ ਸੁਹੇਲੇ ॥ ਰਾਖਹੁ, ਰਾਖਨਹਾਰ ਦਇਆਲਾ, ਨਾਨਕ, ਘਰ ਕੇ ਗੋਲੇ ॥3॥

ਉਚਾਰਨ ਸੇਧ: ਠਾਕੁਰ ਸ਼ਬਦ ਦਾ ਉਚਾਰਨ ਠਾਕਰ ਨਹੀਂ, ਠਾਕੁਰ ਹੈ, ਬੇਸ਼ੁਮਾਰ। ਸਜਨ- ਸੱਜਨ

ਪਦ ਅਰਥ: ਪ੍ਰਤਿਪਾਲਕ- ਪਾਲਣ ਵਾਲੇ। ਨਾਇਕ-ਆਗੂ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਤੁਮਰੇ ਧਾਰੇ-ਤੇਰੇ ਆਸਰੇ। ਬੇਸੁਮਾਰ- ਅਣਗਿਣਤ। ਬਿਧਿ-ਤਰੀਕਾ। ਅਲਪ-ਥੋੜੀ। ਬਿਰਦੁ- ਸੁਭਾਅ। ਸੁਹੇਲੇ-ਸੁਖ ਦੇਣ ਵਾਲੇ। ਰਾਖਣਹਾਰ-ਰੱਖਿਆ ਕਰਨ ਦੀ ਸਮਰੱਥਾ ਵਾਲੇ। ਗੋਲੇ-ਗੁਲਾਮ।

ਭੂਮਿਕਾ: ਉਪਰੋਕਤ ਸ਼ਬਦ ਵਿਚ ਪੰਜਵੇਂ ਨਾਨਕ, ਸਾਨੂੰ ਸੰਸਾਰੀ ਮਨੁੱਖਾਂ ਨੂੰ, ਉਸ ਗੁਣਾਂ ਅਤੇ ਮਿਹਰਾਂ ਦੇ ਖਜ਼ਾਨੇ ਅਕਾਲ ਪੁਰਖ ਅੱਗੇ ਬੇਨਤੀ ਕਰਨ ਦੀ ਜਾਚ ਦਰਸਾ ਰਹੇ ਹਨ ਤਾਂ ਜੋ ਅਸੀਂ ਉਸ ਦੀ ਮਿਹਰ ਸਦਕਾ, ਮੋਹ ਅਤੇ ਮਾਇਆ ਦੇ ਪ੍ਰਭਾਵ ਤੋਂ ਬਚ ਸਕੀਏ।

ਭਾਵ-ਅਰਥ: ਹੇ ਪ੍ਰਭੂ ਜੀ! ਆਪ ਜੀ ਸਭ ਦਾਤਾਂ ਦੇਣ ਵਾਲੇ ਹੋ, ਮਾਲਕ ਆਪ ਜੀ ਹੋ, ਸਭ ਨੂੰ ਪਾਲਣ ਵਾਲੇ ਹੋ, ਤੇ ਸਾਡੇ ਆਗੂ ਹੋ, ਸੁਚੱਜੇ ਜੀਵਨ ਲਈ ਅਗਵਾਈ ਦੇਣ ਵਾਲੇ ਹੋ, ਸਾਡੇ ਖਸਮ ਹੋ, ਹੇ ਪ੍ਰਭੂ ਜੀ! ਆਪ ਜੀ ਹੀ ਇਕੋ ਇਕ ਨਿਤ ਸਾਡੀ ਪਾਲਣਾ ਕਰਦੇ ਹੋ, ਅਸੀਂ ਆਪ ਦੇ ਬੱਚੇ, ਆਪ ਜੀ ਦੇ ਆਸਰੇ ਹੀ ਜੀਊਂਦੇ ਹਾਂ।

ਹੇ ਵਾਹਿਗੁਰੂ ਜੀ! ਇਕ ਜੀਭ ਨਾਲ ਆਪ ਦੇ ਕਿਹੜੇ-ਕਿਹੜੇ ਗੁਣ ਆਖੀਏ? ਆਪ ਜੀ ਅਣਗਿਣਤ ਗੁਣਾਂ ਦੇ ਮਾਲਕ ਹੋ, ਹੇ ਬੇਅੰਤ ਮਾਲਕ ਪ੍ਰਭੂ

ਜੀਓ! ਕਿਸੇ ਵੀ ਪਾਸੋਂ, ਆਪ ਜੀ ਦੇ ਗੁਣਾਂ ਦਾ, ਅੰਤ ਨਹੀਂ ਲੱਭਿਆ ਜਾ ਸਕਦਾ।

ਹੇ ਪ੍ਰਭੂ ਜੀਓ! ਆਪ ਜੀ ਸਾਡੇ ਕਰੋੜਾਂ ਪਾਪ ਨਾਸ਼ ਕਰਦੇ ਹੋ, ਆਪ ਜੀ ਸਾਨੂੰ ਅਨੇਕਾਂ ਤਰੀਕਿਆਂ ਨਾਲ ਜੀਵਨ ਜੁਗਤਿ ਸਮਝਾਉਂਦੇ ਹੋ। ਅਸੀਂ ਜੀਵ ਆਤਮਿਕ ਜੀਵਨ ਦੀ ਸੂਝ ਨਹੀਂ ਰੱਖਦੇ ਹਾਂ, ਸਾਡੀ ਅਕਲ ਥੋੜੀ ਹੈ, ਹੋਛੀ ਹੈ। ਫਿਰ ਵੀ, ਆਪ ਜੀ, ਆਪਣਾ ਹਮੇਸ਼ਾਂ ਦਾ ਪਿਆਰ ਵਾਲਾ ਸੁਭਾਓ ਕਾਇਮ ਰੱਖਦੇ ਹੋ।

ਹੇ ਸੁਆਮੀ ਜੀਓ! ਅਸੀਂ ਤੁਹਾਡੀ ਸ਼ਰਨ ਵਿਚ ਹਾਂ, ਅਤੇ ਤੁਹਾਡੀ ਹੀ ਸਹਾਇਤਾ ਦੀ ਸਾਨੂੰ ਆਸ ਹੈ, ਆਪ ਜੀ ਹੀ ਸਾਡੇ ਸੱਜਣ ਹੋ, ਸਾਨੂੰ ਸੁਖ ਦੇਣ ਵਾਲੇ ਹੋ। ਹੇ ਦਇਆ ਕਰਨ ਵਾਲੇ ਵਾਹਿਗੁਰੂ ਜੀਓ! ਸਭ ਦੀ ਰੱਖਿਆ ਕਰਨ ਜੋਗੇ! ਸਾਡੀ ਵੀ ਰੱਖਿਆ ਕਰੋ, ਪੰਜਵੇਂ ਨਾਨਕ ਜੀ ਫੁਰਮਾਉਂਦੇ ਹਨ ਕਿ ਅਸੀਂ ਸਭ ਆਪ ਜੀ ਦੇ ਘਰ ਦੇ ਸੇਵਕ ਹਾਂ।

ਸਾਰੰਸ਼: ਪਰਮੇਸ਼ਰ ਦੇ ਬੇਅੰਤ ਗੁਣਾਂ ਦਾ ਵਰਣਨ ਕਰਨਾ ਅਸੰਭਵ ਹੈ। ਉਸ ਅੱਗੇ ਤਾਂ ਇਉਂ ਬੇਨਤੀ ਕਰਨੀ ਬਣਦੀ ਹੈ ਕਿ ਹੇ ਬਖ਼ਸ਼ਿੰਦ ਪ੍ਰਭੂ! ਅਸੀਂ ਭਾਵੇਂ ਥੋੜੀ ਅਕਲ ਵਾਲੇ, ਅਗਿਆਨੀ ਹਾਂ, ਫਿਰ ਵੀ ਤੁਹਾਡੇ ਘਰ ਦੇ ਸੇਵਕ ਹਾਂ। ਤੁਸੀਂ ਗ਼ਰੀਬ ਨਿਵਾਜ਼ ਹੋ, ਸਾਨੂੰ ਦੁੱਖਾਂ ਕਲੇਸ਼ਾਂ ਤੋਂ ਬਚਾ ਲਵੋ ਜੀ।

****

11. ਤੂ ਮੇਰਾ ਪਿਤਾ, ਤੂ ਹੈ ਮੇਰਾ ਮਾਤਾ ॥

ਭੈਰਉ ਮਹਲਾ 5 ॥ (ਪੰਨਾ-1144)

ਤੂ ਮੇਰਾ ਪਿਤਾ, ਤੂ ਹੈ ਮੇਰਾ ਮਾਤਾ ॥ਤੂ ਮੇਰੇ ਜੀਅ ਪ੍ਰਾਨ, ਸੁਖਦਾਤਾ ॥ਤੂ ਮੇਰਾ ਠਾਕੁਰੁ, ਹਉ, ਦਾਸੁ ਤੇਰਾ॥ ਤੁਝ ਬਿਨੁ,ਅਵਰੁ, ਨਹੀ ਕੋ ਮੇਰਾ॥ 1 ॥ ਕਰਿ ਕਿਰਪਾ, ਕਰਹੁ ਪ੍ਰਭ ਦਾਤਿ ॥ ਤੁਮ੍ਰੀ ਉਸਤਤਿ,ਕਰਉ ਦਿਨ ਰਾਤਿ ॥1॥ ਰਹਾਉ॥ ਹਮ, ਤੇਰੇ ਜੰਤ, ਤੂ ਬਜਾਵਨਹਾਰਾ॥ਹਮ, ਤੇਰੇ ਭਿਖਾਰੀ, ਦਾਨੁ ਦੇਹਿ ਦਾਤਾਰਾ॥ ਤਉ ਪਰਸਾਦਿ, ਰੰਗ ਰਸ ਮਾਣੇ ॥ ਘਟ ਘਟ ਅੰਤਰਿ, ਤੁਮਹਿ ਸਮਾਣੇ॥2॥ ਤੁਮ੍ਰੀ ਕ੍ਰਿਪਾ ਤੇ, ਜਪੀਐ ਨਾਉ ॥ ਸਾਧ ਸੰਗਿ, ਤੁਮਰੇ ਗੁਣ ਗਾਉ ॥ ਤੁਮ੍ਰੀ ਦਇਆ ਤੇ,ਹੋਇ ਦਰਦ ਬਿਨਾਸੁ॥ ਤੁਮਰੀ ਮਇਆ ਤੇ,ਕਮਲ ਬਿਗਾਸੁ॥3॥ ਹਉ ਬਲਿਹਾਰਿ ਜਾਉ ਗੁਰਦੇਵ ॥ਸਫਲ ਦਰਸਨੁ, ਜਾ ਕੀ ਨਿਰਮਲ ਸੇਵ॥ ਦਇਆ ਕਰਹੁ, ਠਾਕੁਰ ਪ੍ਰਭ ਮੇਰੇ॥ਗੁਣ ਗਾਵੈ ਨਾਨਕੁ, ਨਿਤ, ਤੇਰੇ॥4॥

ਉਚਾਰਨ ਸੇਧ : ਤੂੰ, ਹੈਂ, ਹਉਂ, ਨਹੀਂ, ਕਰਉਂ, ਨਾਉਂ, ਜਾਉਂ, ਦੇਹਿਂ, ਦਰਸ਼ਨ, ਬਿਨਾਸ਼ ਗਾਓਂ।

ਪਦ ਅਰਥ: ਜੀਅ-ਜਿੰਦ। ਸੁਖਦਾਤਾ-ਸਾਰੇ ਸੁਖ ਦੇਣ ਵਾਲਾ। ਅਵਰੁ ਕੋ-

ਕੋਈ ਹੋਰ। ਜੰਤ-ਜੰਤ੍ਰ, ਸਾਜ਼। ਘਟ ਘਟ ਅੰਤਰਿ-ਹਰੇਕ ਸਰੀਰ ਵਿਚ। ਦਰਦ ਬਿਨਾਸੁ-ਦਰਦ ਦਾ ਨਾਸ਼। ਮਇਆ-ਕਿਰਪਾ। ਬਿਗਾਸੁ-ਖੇੜਾ ।

ਭੂਮਿਕਾ : ਪੰਜਵੇਂ ਗੁਰੂ ਜੀ ਇਸ ਸ਼ਬਦ ਵਿਚ ਮਨੁੱਖ ਨੂੰ ਉਸ ਵਾਹਿਗੁਰੂ ਕੋਲ ਬੇਨਤੀ ਕਰਨ ਦੀ ਜਾਚ ਦਸਦੇ ਹਨ ਅਤੇ ਪ੍ਰਭੂ ਦੀ ਉਸਤਤ ਹੀ ਮੰਗਦੇ ਰਹਿਣ ਦੀ ਪ੍ਰੇਰਣਾ ਕਰਦੇ ਹਨ।

ਭਾਵ-ਅਰਥ : ਹੇ ਪ੍ਰਭੂ ਜੀ! ਮੇਰੇ ਵਾਸਤੇ ਆਪ ਜੀ ਹੀ ਪਿਤਾ ਹੋ, ਮੇਰੇ ਵਾਸਤੇ ਮਾਂ ਵੀ ਆਪ ਜੀ ਹੀ ਹੋ। ਮੈਨੂੰ ਜਿੰਦ ਤੇ ਪ੍ਰਾਣ ਦੇਣ ਵਾਲੇ ਵੀ ਆਪ ਜੀ ਹੀ ਹੋ, ਆਪ ਜੀ ਹੀ ਸਾਰੇ ਸੁਖ ਦੇਣ ਵਾਲੇ ਹੋ, ਆਪ ਜੀ ਮੇਰੇ ਮਾਲਕ ਹੋ, ਮੈਂ ਆਪ ਜੀ ਦਾ ਦਾਸ ਹਾਂ।ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਸੰਬੰਧੀ ਅਤੇ ਆਸਰਾ ਨਹੀਂ ਹੈ।1।

ਹੇ ਪ੍ਰਭੂ ਜੀ! ਮਿਹਰ ਕਰਕੇ ਮੈਨੂੰ ਇਹ ਦਾਤ ਬਖ਼ਸ਼ੋ ਕਿ ਮੈਂ ਦਿਨ-ਰਾਤ ਭਾਵ ਹਰ ਵੇਲੇ ਆਪ ਜੀ ਦੀ ਸਿਫਤ ਸਲਾਹ ਕਰਦਾ ਰਹਾਂ।

ਹੇ ਵਾਹਿਗੁਰੂ ਜੀ ! ਅਸੀਂ ਜੀਵ, ਆਪ ਜੀ ਦੇ ਸਾਜ਼ ਹਾਂ, ਅਤੇ ਆਪ ਜੀ ਇਨ੍ਹਾਂ ਸਾਰੇ ਸਾਜ਼ਾਂ ਨੂੰ ਵਜਾਉਣ ਵਾਲੇ ਹੋ। ਹੇ ਦਾਤਾਰ ਜੀਓ! ਅਸੀਂ ਆਪ ਜੀ ਦੇ ਦਰ ਤੇ ਮੰਗਤੇ ਹਾਂ, ਆਪ ਜੀ ਬਖ਼ਸ਼ਿਸ ਕਰਦੇ ਹੋ।ਆਪ ਜੀ ਦੀ ਮਿਹਰ ਦੀ ਨਜ਼ਰ ਨਾਲ ਸਾਰੇ ਜੀਵ-ਜੰਤ, ਬੇਅੰਤ ਰੰਗ-ਰਸ ਅਤੇ ਖ਼ੁਸ਼ੀਆਂ ਆਦਿ ਮਾਣਦੇ ਆ ਰਹੇ ਹਨ। ਹੇ ਅਕਾਲ ਪੁਰਖ ਜੀ! ਹਰੇਕ ਹਿਰਦੇ ਵਿਚ ਤੁਸੀਂ ਹੀ ਸਮਾਏ ਹੋਏ ਹੋ।

ਹੇ ਪ੍ਰਭੂ ਜੀ! ਆਪ ਜੀ ਦੀ ਮਿਹਰ ਨਾਲ ਹੀ ਆਪ ਜੀ ਦਾ ਨਾਮ ਜਪਿਆ ਜਾ ਸਕਦਾ ਹੈ।ਆਪ ਜੀ ਕਿਰਪਾ ਕਰੋ ਕਿ ਮੈਂ ਸਾਧਸੰਗਤ ਵਿਚ ਟਿਕ ਕੇ ਆਪ ਜੀ ਦੇ ਗੁਣ ਗਾਂਦਾ ਰਹਾਂ। ਹੇ ਵਾਹਿਗੁਰੂ ਜੀਓ! ਆਪ ਜੀ ਦੀ ਮਿਹਰ ਨਾਲ ਹੀ ਮੇਰੇ ਹਰੇਕ ਦਰਦ ਦਾ ਨਾਸ਼ ਹੁੰਦਾ ਹੈ, ਆਪ ਜੀ ਦੀ ਕਿਰਪਾ ਨਾਲ ਹੀ ਮੇਰੇ ਮਨ ਆਤਮਾ ਵਿਚ ਖੇੜਾ ਆਉਂਦਾ ਹੈ। ਹਿਰਦੇ ਰੂਪੀ ਕਮਲ ਫੁੱਲ ਖਿੜਦਾ ਹੈ ।

ਮੈ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਕਿਉਂਕਿ ਗੁਰੂ ਦਾ ਦਰਸ਼ਨ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ, ਤੇ ਗੁਰੂ ਦੀ ਸੇਵਾ ਜੀਵਨ ਨੂੰ ਪਵਿੱਤਰ ਬਣਾਉਂਦੀ ਹੈ। ਹੇ ਮੇਰੇ ਮਾਲਕ! ਮੇਰੇ ਤੇ ਮਿਹਰ ਕਰੋ ਕਿ ਮੈਂ ਨਾਨਕ ਸਦਾ ਆਪ ਜੀ ਦੇ ਗੁਣ ਗਾਂਦਾ ਰਹਾਂ ।

ਸਾਰੰਸ਼ : ਇਸ ਸ਼ਬਦ ਤੋਂ ਇਹ ਸੇਧ ਪ੍ਰਾਪਤ ਹੁੰਦੀ ਹੈ ਕਿ ਪਰਮਾਤਮਾ ਹੀ ਸਭ ਜੀਆਂ ਦਾ ਪਾਲਣਹਾਰ ਹੈ। ਪਰਮਾਤਮਾ ਹੀ ਸਭ ਨੂੰ ਸਦੀਵੀ ਸੁਖ ਦੇਣ ਵਾਲਾ ਹੈ, ਪਰਮਾਤਮਾ ਦੇ ਗੁਣ ਧਾਰਨ ਕਰਨ ਨਾਲ ਮਨੁੱਖਾ ਜਨਮ ਸਫ਼ਲ ਹੋ ਜਾਂਦਾ ਹੈ। ਸੋ ਸਾਨੂੰ ਹੋਰ ਸਾਰੇ ਆਸਰੇ ਛੱਡ ਕੇ ਇਕ ਪ੍ਰਭੂ ਦੇ ਲੜ ਲੱਗਣਾ ਚਾਹੀਦਾ ਹੈ। ***

12. ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ...

ਧਨਾਸਰੀ ਭਗਤ ਰਵਿਦਾਸ ਜੀ ਕੀ (ਪੰਨਾ-694)

ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ, ਅਬ, ਪਤੀਆਰੁ ਕਿਆ ਕੀਜੈ ॥ ਬਚਨੀ ਤੋਰ, ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ ॥1॥ ਹਉ ਬਲਿ ਬਲਿ ਜਾਉ, ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥ ਬਹੁਤ ਜਨਮ ਬਿਛੁਰੇ ਥੇ, ਮਾਧਉ, ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ, ਆਸ ਲਗਿ ਜੀਵਉ, ਚਿਰ ਭਇਓ ਦਰਸਨੁ ਦੇਖੇ ॥2॥

ਉਚਾਰਨ ਸੇਧ: ਜਾਉਂ, ਜੀਵਉਂ, ਦਰਸ਼ਨ।

ਪਦ ਅਰਥ: ਹਮ ਸਰਿ-ਮੇਰੇ ਵਰਗਾ। ਦੀਨ-ਨਿਮਾਣਾ, ਕੰਗਾਲ। ਪਤੀਆਰੁ-ਪਰਖ । ਕਿਆ ਕੀਜੈ- ਕੀ ਕਰਨਾ ਹੋਇਆ। ਬਚਨੀ ਤੋਰ-ਤੇਰੀਆਂ ਗੱਲਾਂ ਕਰਕੇ। ਮੋਰ-ਮੇਰਾ। ਮਾਨੈ-ਮੰਨ ਜਾਏ। ਪੂਰਨੁ-ਪੂਰਾ ਭਰੋਸਾ। ਰਮਈਆ ਕਾਰਨੇ-ਸੋਹਣੇ ਵਾਹਿਗੁਰੂ ਤੋਂ। ਕਵਨ-ਕਿਸ ਕਾਰਨ। ਅਬੋਲ-ਨਹੀਂ ਬੋਲਦਾ। ਤੁਮਾਰੇ ਲੇਖੇ-ਤੇਰੀ ਯਾਦ ਵਿਚ ਬੀਤੇ ।

ਭੂਮਿਕਾ: ਭਗਤ ਰਵਿਦਾਸ ਜੀ, ਸਾਨੂੰ, ਇਸ ਸ਼ਬਦ ਦੁਆਰਾ, ਅਤਿ ਨਿਮਰਤਾ ਵਿਚ ਆ ਕੇ, ਆਪਣੇ ਆਪ ਨੂੰ ਬੇਬੱਸ ਮੰਨ ਕੇ, ਪ੍ਰਭੂ ਮਿਲਾਪ ਲਈ ਬੇਨਤੀ ਕਰਨ ਦੀ ਜਾਚ ਦਸਦੇ ਹਨ ਤੇ ਵਾਹਿਗੁਰੂ ਜੀ ਤੋਂ ਸਦਕੇ ਜਾਂਦੇ ਹਨ।

ਭਾਵ-ਅਰਥ : ਹੇ ਪ੍ਰਭੂ ਜੀਓ! ਮੇਰੇ ਵਰਗਾ ਕੋਈ ਨਿਮਾਣਾ ਨਹੀਂ, ਤੇ ਆਪ ਜੀ ਵਰਗਾ ਹੋਰ ਕੋਈ ਦਇਆ ਕਰਨ ਵਾਲਾ ਨਹੀਂ, ਹੁਣ ਹੋਰ ਪਰਖਣ ਦੀ ਲੋੜ ਨਹੀਂ, ਮੈਨੂੰ ਦਾਸ ਨੂੰ ਇਹ ਪੂਰਨ ਸਿਦਕ ਬਖਸ਼ੋ ਕਿ ਮੇਰਾ ਮਨ ਆਪ ਜੀ ਦੀ ਸਿਫਤ-ਸਾਲਾਹ ਦੀਆਂ ਗੱਲਾਂ ਵਿਚ ਪਰਚ ਜਾਇਆ ਕਰੇ।

ਹੇ ਸੋਹਣੇ ਵਾਹਿਗੁਰੂ ਜੀਓ! ਮੈ ਆਪ ਜੀ ਤੋਂ ਸਦਾ ਸਦਕੇ ਜਾਂਦਾ ਹਾਂ, ਆਪ ਜੀ, ਕਿਸ ਕਾਰਨ, ਮੇਰੇ ਨਾਲ ਨਹੀਂ ਬੋਲਦੇ ? ਰਹਾਉ।

ਭਗਤ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਕਈ ਚਿਰਾਂ ਤੋਂ ਮੈਂ ਆਪ ਜੀ ਤੋਂ ਵਿਛੁੜਿਆ ਆ ਰਿਹਾ ਹਾਂ ਪਰ ਹੁਣ ਇਹ ਜਨਮ ਆਪ ਜੀ ਦੀ ਯਾਦ ਵਿਚ ਬੀਤੇ। ਮੈਂ ਇਸ ਆਸ ਨਾਲ ਜੀਅ ਰਿਹਾ ਹਾਂ ਕਿ ਆਪ ਜੀ, ਇਸ ਜਨਮ ਵਿਚ, ਮੈਨੂੰ ਆਪਣੇ ਨਾਲ ਮੇਲ ਲਵੋਗੇ।

ਸਾਰੰਸ਼- ਇਸ ਸ਼ਬਦ ਵਿਚ ਭਗਤ ਜੀ ਨੇ ਜੀਵ ਦੀ ਬੇਸਮਝੀ, ਨਿਮਾਣਾਪਨ, ਅਸਮਰੱਥਾ ਦਰਸਾਉਂਦਿਆਂ ਪ੍ਰੇਰਨਾ ਕੀਤੀ ਹੈ ਕਿ ਜੀਵ ਨਿਮਰਤਾ ਭਾਵ ਨਾਲ ਪ੍ਰਭੂ ਦੀ ਸਿਫਤ ਸਲਾਹ ਕਰੇ, ਤਾਂ ਕਿ ਮਨੁੱਖਾ ਜਨਮ ਸਫ਼ਲਾ ਹੋ ਸਕੇ।

****

13. ਰਾਖਿ ਲੇਹੁ, ਹਮ ਤੇ ਬਿਗਰੀ॥

ਬਿਲਾਵਲੁ ਕਬੀਰ ਜੀ ॥ (ਪੰਨਾ-856)

ਰਾਖਿ ਲੇਹੁ, ਹਮ ਤੇ ਬਿਗਰੀ॥ ਸੀਲੁ,ਧਰਮੁ,ਜਪੁ,ਭਗਤਿ ਨ ਕੀਨੀ,ਹਉ ਅਭਿਮਾਨ ਟੇਢ ਪਗਰੀ॥1॥ਰਹਾਉ॥ ਅਮਰ ਜਾਨਿ, ਸੰਚੀ ਇਹ ਕਾਇਆ, ਇਹ, ਮਿਥਿਆ, ਕਾਚੀ ਗਗਰੀ ॥ ਜਿਨਹਿ ਨਿਵਾਜਿ ਸਾਜਿ ਹਮ ਕੀਏ, ਤਿਸਹਿ ਬਿਸਾਰਿ, ਅਵਰ ਲਗਰੀ॥1॥ ਸੰਧਿਕ, ਤੋਹਿ, ਸਾਧ ਨਹੀ ਕਹੀਅਉ, ਸਰਨਿ ਪਰੇ, ਤੁਮਰੀ, ਪਗਰੀ ॥ ਕਹਿ ਕਬੀਰ, ਇਹ ਬਿਨਤੀ ਸੁਨੀਅਹੁ, ਮਤ ਘਾਲਹੁ ਜਮ ਕੀ ਖਬਰੀ॥2॥

ਉਚਾਰਨ ਸੇਧ: ਸ਼ੀਲੁ, ਹਉਂ, ਕਾਇਆਂ, ਜਿਨਹਿਂ, ਸ਼ਰਨਿ।

ਪਦ ਅਰਥ : ਹਮ ਤੇ-ਮੈਥੋਂ। ਬਿਗਰੀ-ਵਿਗੜੀ ਹੈ। ਸੀਲੁ-ਚੰਗਾ ਸੁਭਾਉ। ਧਰਮੁ- ਜ਼ਿੰਦਗੀ ਦਾ ਫਰਜ਼। ਜਪੁ-ਬੰਦਗੀ। ਟੇਢ-ਵਿੰਗੀ। ਪਗਰੀ-ਪਕੜੀ, ਫੜੀ। ਅਮਰ-ਨਾ ਮਰਨ ਵਾਲੀ। ਜਾਨਿ-ਸਮਝ ਕੇ। ਸੰਚੀ-ਸਾਂਭ ਕੇ ਰੱਖੀ, ਪਾਲਦਾ ਰਿਹਾ। ਮਿਥਿਆ-ਨਾਸ਼ਵੰਤ,ਨਾਸ਼ ਹੋਣ ਵਾਲੀ। ਜਿਨਹਿ-ਜਿਸ ਪ੍ਰਭੂ ਨੇ। ਨਿਵਾਜਿ-ਆਦਰ ਦੇ ਕੇ, ਮਿਹਰ ਕਰਕੇ। ਸਾਜਿ-ਪੈਦਾ ਕਰਕੇ। ਅਵਰ-ਹੋਰਨੀਂ ਪਾਸੀਂ। ਸੰਧਿਕ-ਚੋਰ। ਤੁਮਰੀ ਪਗਰੀ-ਤੇਰੇ ਚਰਨਾਂ ਦੀ। ਮਤ ਘਾਲਹੁ-ਨਾਹ ਭੇਜੀਂ। ਖਬਰੀ-ਖ਼ਬਰ।

ਭੂਮਿਕਾ : ਉਪਰੋਕਤ ਸ਼ਬਦ ਵਿਚ ਭਗਤ ਕਬੀਰ ਜੀ, ਆਪਣੇ (ਜੀਵ ਦੇ) ਹੰਕਾਰ ਕਾਰਨ, ਪ੍ਰਭੂ ਜੀ ਵਲੋਂ ਦਰਸਾਈ ਜੀਵਨ ਜਾਚ ਨਾ ਅਪਣਾ ਸਕਣ ਲਈ, ਪ੍ਰਭੂ ਜੀ ਤੋਂ ਮਾਫੀ ਮੰਗਦੇ ਹੋਏ, ਜੀਵਨ ਸਵਾਰਨ ਲਈ ਬੇਨਤੀ ਕਰਦੇ ਹਨ।

ਭਾਵ-ਅਰਥ : ਹੇ ਪ੍ਰਭੂ ਜੀ! ਮੇਰੀ ਲਾਜ ਰੱਖ ਲਓ। ਚੰਗੇ ਕੰਮ ਨਾ ਕਰਨ ਕਰਕੇ ਮੇਰੀ ਜ਼ਿੰਦਗੀ ਵਿਗੜ ਗਈ ਹੈ। ਮੈਂ ਨਾ ਤਾਂ ਜੀਵਨ ਦਾ ਫਰਜ਼ ਪੂਰਾ ਕੀਤਾ ਅਤੇ ਨਾ ਆਪ ਜੀ ਦੀ ਭਗਤੀ ਕੀਤੀ। ਮੈਂ ਸਦਾ ਹੰਕਾਰ ਕਰਦਾ ਰਿਹਾ ਅਤੇ ਗ਼ਲਤ ਰਾਹ ਪਿਆ ਰਿਹਾ ਹਾਂ।

ਇਸ ਸਰੀਰ ਨੂੰ ਕਦੇ ਨਾ ਮਰਨ ਵਾਲਾ ਸਮਝ ਕੇ ਮੈਂ ਸਦਾ ਹੀ ਇਸ ਨੂੰ ਪਾਲਦਾ ਰਿਹਾ, ਪਰ ਇਹ ਸਮਝ ਨਹੀਂ ਆਈ ਕਿ ਸਰੀਰ ਤਾਂ ਕੱਚੇ ਘੜੇ ਵਾਂਗ ਨਾਸ਼ ਹੋਣ ਵਾਲਾ ਹੈ। ਵਾਹਿਗੁਰੂ ਜੀ ਨੇ ਮਿਹਰ ਕਰਕੇ, ਮੇਰਾ ਇਹ ਸੋਹਣਾ ਸਰੀਰ ਬਣਾ ਕੇ, ਮੈਨੂੰ ਪੈਦਾ ਕੀਤਾ ਪਰ ਮੈਂ ਉਸੇ ਪ੍ਰਭੂ ਜੀ ਨੂੰ ਭੁੱਲ ਕੇ ਹੋਰ ਪਾਸੇ ਲੱਗਾ ਰਿਹਾ।1।

ਭਗਤ ਕਬੀਰ ਜੀ ਅਤਿ ਨਿਮਰਤਾ ਵਿਚ ਫੁਰਮਾਉਂਦੇ ਹਨ, ਹੇ ਪ੍ਰਭੂ ਜੀਓ! ਆਪ ਜੀ ਦੀ ਦੱਸੀ ਜੀਵਨ ਜਾਚ ਨਾ ਅਪਣਾ ਕੇ, ਮੈਂ ਆਪ ਜੀ ਦਾ ਚੋਰ ਬਣਿਆ ਹਾਂ, ਮੈਨੂੰ ਭਲਾ ਕਹਾਉਣ ਦਾ ਕੋਈ ਹੱਕ ਨਹੀਂ ਹੈ। ਮੈਂ ਆਪ ਜੀ ਦੀ ਸ਼ਰਨ ਵਿਚ ਆ ਪਿਆ ਹਾਂ, ਮੇਰੀ ਇਹ ਬੇਨਤੀ ਸੁਣੋ! ਕਿਰਪਾ ਕਰਕੇ ਮੈਨੂੰ ਵਿਸ਼ੇ-ਵਿਕਾਰਾਂ ਤੋਂ

ਦੂਰ ਕਰਕੇ ਮੌਤ ਦੇ ਡਰ ਤੋਂ ਬਚਾ ਲਵੋ।2।

ਸਾਰੰਸ਼:-ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਵਾਹਿਗੁਰੂ ਜੀ ਅੱਗੇ ਬੇਨਤੀ ਕਰ ਰਹੇ ਹਨ ਕਿ ਹੇ ਪ੍ਰਮੇਸ਼ਰ, ਆਪ ਜੀ ਦੇ ਰਾਹ ਤੇ ਨਾ ਤੁਰਨ ਕਰਕੇ ਵਿਗੜ ਚੁੱਕੇ ਜੀਵਨ ਨੂੰ, ਵਾਹਿਗੁਰੂ ਜੀ, ਆਪ ਹੀ ਆਪਣੀ ਸ਼ਰਨ ਵਿਚ ਲੈ ਕੇ, ਸਵਾਰ ਦਿਓ ਜੀ। ਕਿਰਪਾ ਕਰਕੇ, ਮੇਰੇ ਜੀਵਨ ਦੇ ਵਿਸ਼ੇ ਵਿਕਾਰਾਂ ਨੂੰ ਦੂਰ ਕਰਕੇ ਮੇਰਾ ਮੌਤ ਦਾ ਡਰ ਖਤਮ ਕਰ ਦਿਓ।

****

14. ਹਮ ਮੈਲੇ, ਤੁਮ, ਊਜਲ ਕਰਤੇ, ਹਮ ਨਿਰਗੁਨ...

ਸੋਰਠਿ ਮਹਲਾ 5 ॥ (ਪੰਨਾ-613)

ਹਮ ਮੈਲੇ, ਤੁਮ, ਊਜਲ ਕਰਤੇ, ਹਮ ਨਿਰਗੁਨ, ਤੂ ਦਾਤਾ ॥ ਹਮ ਮੂਰਖ, ਤੁਮ ਚਤੁਰ ਸਿਆਣੇ, ਤੂ, ਸਰਬ ਕਲਾ ਕਾ ਗਿਆਤਾ ॥1॥ ਮਾਧੋ, ਹਮ ਐਸੇ, ਤੂ ਐਸਾ ॥ ਹਮ ਪਾਪੀ, ਤੁਮ, ਪਾਪ ਖੰਡਨ, ਨੀਕੋ, ਠਾਕੁਰ, ਦੇਸਾ ॥ ਰਹਾਉ ॥ ਤੁਮ, ਸਭ ਸਾਜੇ, ਸਾਜਿ, ਨਿਵਾਜੇ, ਜੀਉ ਪਿੰਡੁ, ਦੇ ਪ੍ਰਾਨਾ ॥ ਨਿਰਗੁਨੀਆਰੇ, ਗੁਨੁ ਨਹੀ ਕੋਈ, ਤੁਮ, ਦਾਨੁ ਦੇਹੁ, ਮਿਹਰਵਾਨਾ ॥2॥ ਤੁਮ ਕਰਹੁ ਭਲਾ, ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥ ਤੁਮ ਸੁਖਦਾਈ, ਪੁਰਖ ਬਿਧਾਤੇ, ਤੁਮ ਰਾਖਹੁ ਅਪੁਨੇ ਬਾਲਾ ॥3॥ ਤੁਮ ਨਿਧਾਨ, ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ ॥ ਕਹੁ ਨਾਨਕ, ਹਮ ਇਹੈ ਹਵਾਲਾ, ਰਾਖੁ, ਸੰਤਨ ਕੈ ਪਾਛੈ॥4॥

ਉਚਾਰਨ ਸੇਧ: ਤੂੰ, ਜਾਨਹਿਂ, ਅਟੱਲ, ਜਾਚੈ।

ਪਦ ਅਰਥ: ਮੈਲੇ-ਵਿਕਾਰਾਂ ਦੀ ਮੈਲ ਨਾਲ ਭਰੇ ਹੋਏ। ਕਲਾ-ਹੁਨਰ। ਮਾਧੋ-ਹੇ ਵਾਹਿਗੁਰੂ। ਨੀਕੋ-ਸੋਹਣਾ। ਸਾਜਿ-ਪੈਦਾ ਕਰਕੇ। ਨਿਵਾਜੇ-ਆਦਰ ਦਿੱਤਾ। ਜੀਉ-ਜਿੰਦ। ਪਿੰਡ-ਸਰੀਰ। ਬਿਧਾਤੇ- ਹੇ ਸਿਰਜਨਹਾਰ। ਬਾਲਾ-ਬੱਚੇ। ਨਿਧਾਨ-ਖਜ਼ਾਨੇ। ਅਟਲ-ਸਦਾ ਕਾਇਮ ਰਹਿਣ ਵਾਲਾ। ਸੁਲਿਤਾਨ-ਬਾਦਸ਼ਾਹ। ਜਾਚੈ-ਮੰਗਦੇ ਹਨ। ਹਵਾਲਾ-ਹਾਲ। ਕੈ ਪਾਛੈ-ਦੇ ਆਸਰੇ।

ਭੂਮਿਕਾ : ਗੁਰੂ ਅਰਜਨ ਸਾਹਿਬ ਜੀ, ਉਪਰੋਕਤ ਸ਼ਬਦ ਵਿਚ, ਸਾਡੇ ਗੁਣਹੀਣ ਹੋਣ ਅਤੇ ਪਰਮਾਤਮਾ ਦੇ ਗੁਣੀ ਨਿਧਾਨ ਹੋਣ ਨੂੰ ਦਰਸਾਉਂਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਕੇਵਲ ਪ੍ਰਭੂ ਹੀ ਸਾਡੇ ਔਗੁਣਾਂ ਤੇ ਵਿਕਾਰਾਂ ਨੂੰ ਦੂਰ ਕਰਕੇ ਸਾਡੇ ਅੰਦਰ ਗੁਣ ਭਰ ਸਕਦਾ ਹੈ। ਇਸ ਲਈ, ਐਸੇ ਪ੍ਰਭੂ ਅੱਗੇ ਹੀ ਬੇਨਤੀ ਕਰਨੀ ਚਾਹੀਦੀ ਹੈ।

ਭਾਵ-ਅਰਥ: ਹੇ ਵਾਹਿਗੁਰੂ ਜੀਓ! ਅਸੀਂ ਜੀਵ ਵਿਕਾਰਾਂ ਦੀ ਮੈਲ ਨਾਲ ਭਰੇ ਹੋਏ ਹਾਂ, ਆਪ ਜੀ ਸਾਨੂੰ ਪਵਿੱਤਰ ਕਰਨ ਵਾਲੇ ਹੋ। ਅਸੀਂ ਗੁਣਾਂ ਤੋਂ ਖਾਲ੍ਹੀ

ਹਾਂ, ਆਪ ਜੀ, ਸਾਨੂੰ, ਗੁਣ ਬਖਸ਼ਿਸ਼ ਕਰਨ ਵਾਲੇ ਹੋ। ਅਸੀਂ ਜੀਵ ਮੂਰਖ ਹਾਂ, ਆਪ ਜੀ ਸਿਆਣੇ ਹੋ। ਆਪ ਜੀ, ਸਾਨੂੰ ਚੰਗਾ ਬਣਾ ਦੇਣ ਵਾਲੇ, ਸਾਰੇ ਗੁਣਾਂ ਦੇ ਮਾਲਕ ਹੋ ।1।

ਹੇ ਵਾਹਿਗੁਰੂ ਜੀਓ! ਅਸੀਂ ਜੀਵ ਵਿਕਾਰੀ ਹਾਂ ਤੇ ਆਪ ਜੀ ਉਪਕਾਰ ਕਰਨ ਵਾਲੇ ਹੋ। ਅਸੀਂ ਪਾਪ ਕਮਾਉਂਦੇ ਹਾਂ ਤੇ ਆਪ ਜੀ ਸਾਡੇ ਪਾਪਾਂ ਦਾ ਨਾਸ਼ ਕਰਨ ਵਾਲੇ ਹੋ। ਹੇ ਵਾਹਿਗੁਰੂ ਜੀ! ਆਪ ਜੀ ਦਾ ਸਤਿਸੰਗਤਿ ਰੂਪੀ ਦੇਸ਼ ਸੋਹਣਾ ਹੈ, ਜਿਥੇ ਆਪ ਜੀ ਵੱਸਦੇ ਹੋ।

ਹੇ ਪ੍ਰਭੂ ਜੀ! ਆਪ ਜੀ ਨੇ ਸਰੀਰ ਅਤੇ ਪ੍ਰਾਣ ਦੇ ਕੇ ਸਾਰੇ ਜੀਵ ਪੈਦਾ ਕੀਤੇ ਹਨ ਅਤੇ ਪੈਦਾ ਕਰਕੇ, ਸਾਰਿਆਂ ਉੱਤੇ ਬਖਸ਼ਿਸ਼ ਕਰਦੇ ਹੋ। ਹੇ ਮਿਹਰਵਾਨ! ਅਸੀਂ ਗੁਣਹੀਣ ਜੀਵ ਹਾਂ ਤੇ ਆਪ ਜੀ, ਸਾਨੂੰ ਗੁਣਾਂ ਦੀ ਦਾਤ ਬਖਸ਼ਿਸ਼ ਕਰਦੇ ਹੋ।

ਹੇ ਵਾਹਿਗੁਰੂ! ਆਪ ਜੀ, ਸਾਡੇ ਵਾਸਤੇ, ਹਮੇਸ਼ਾਂ ਭਲਾ ਕਰਦੇ ਹੋ, ਪਰ ਅਸੀਂ, ਆਪ ਜੀ ਦੇ, ਇਸ ਭਲੇ ਦੀ ਕਦਰ ਨਹੀਂ ਜਾਣਦੇ, ਫਿਰ ਵੀ ਆਪ ਜੀ ਹਮੇਸ਼ਾਂ, ਸਾਡੇ ਤੇ ਦਇਆ ਕਰਦੇ ਹੋ। ਹੇ ਸਭ ਦੇ ਅੰਦਰ ਵਸੇ ਹੋਏ ਸਿਰਜਣਹਾਰ ਜੀਓ! ਆਪ ਜੀ ਸਾਨੂੰ ਸੁਖ ਦੇਂਦੇ ਹੋ ਅਤੇ ਸਾਡੀ, ਆਪਣੇ ਬੱਚਿਆਂ ਵਾਂਗ, ਰਾਖੀ ਕਰਦੇ ਹੋ ।

ਹੇ ਪ੍ਰਭੂ ਜੀ! ਆਪ ਜੀ ਸਾਰੇ ਗੁਣਾਂ ਦੇ ਖਜ਼ਾਨੇ ਹੋ, ਹਮੇਸ਼ਾਂ ਰਹਿਣ ਵਾਲੇ ਬਾਦਸ਼ਾਹ ਹੋ। ਅਸੀਂ ਸਾਰੇ ਜੀਵ ਆਪ ਜੀ ਦੇ ਦਰ ਤੇ ਮੰਗਤੇ ਹਾਂ। ਹੇ ਨਾਨਕ! ਸਦਾ ਇਹ ਬੇਨਤੀ ਕਰੋ ਕਿ ਹੇ ਵਾਹਿਗੁਰੂ ਜੀ! ਸਾਡੇ ਜੀਵਾਂ ਦਾ ਤਾਂ ਇਹੋ ਹਾਲ ਹੈ, ਆਪ ਜੀ ਸਾਨੂੰ ਸੱਚ ਦੇ ਰਾਹ ਤੇ ਤੁਰਨ ਵਾਲਿਆਂ (ਗੁਰਸਿੱਖਾਂ) ਦੀ ਸੰਗਤ ਬਖ਼ਸ਼ੋ ਜੀ ।

ਸਾਰੰਸ਼: ਹੇ ਵਾਹਿਗੁਰੂ ਜੀ! ਅਸੀਂ ਪਾਪੀ ਤੇ ਗੁਣਹੀਣ ਜੀਵ ਹਾਂ। ਆਪ ਸਾਰੀ ਦੁਨੀਆਂ ਦੀ ਪ੍ਰਤਿਪਾਲਣਾ ਕਰਦੇ ਹੋ। ਆਪ ਜੀ ਦਇਆ ਕਰਕੇ ਸਾਰੇ ਜੀਵਾਂ ਨੂੰ ਗੁਣਾਂ ਦੀ ਦਾਤ ਦਿਉ ਅਤੇ ਆਪਣੀ ਕਿਰਪਾ ਵਿਚ ਰੱਖ ਲਉ।

***

ਜੀਵਨ ਵਿਕਾਸ

15. ਸ਼ਖਸੀਅਤ ਵਿਕਾਸ

ਵਿਅਕਤੀ ਦੀ ਸ਼ਖਸੀਅਤ ਦਾ ਉਸ ਦੇ ਆਲੇ-ਦੁਆਲੇ ਤੇ ਬਹੁਤ ਪ੍ਰਭਾਵ ਪੈਂਦਾ ਹੈ ਅਤੇ ਜਿਹੋ ਜਿਹੀ ਵਿਅਕਤੀ ਦੀ ਸ਼ਖਸੀਅਤ ਹੁੰਦੀ ਹੈ, ਉਹੋ ਜਿਹਾ ਹੀ, ਉਹ ਆਪਣਾ ਆਲਾ-ਦੁਆਲਾ ਸਿਰਜਦਾ ਹੈ। ਇਸ ਲਈ ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਚੰਗੀ ਸ਼ਖਸੀਅਤ ਵਾਲੇ ਵਿਅਕਤੀ ਆਪਣੇ ਘਰ-ਪਰਿਵਾਰ ਅਤੇ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ, ਇਸੇ ਤਰ੍ਹਾਂ ਉਨ੍ਹਾਂ ਵਿਅਕਤੀਆਂ

ਦਾ ਵੀ ਆਪਣੇ ਸਮਾਜ ਉਤੇ ਅਸਰ ਪੈਂਦਾ ਹੈ ਜੋ ਮਾੜੇ ਖਿਆਲ ਸਿਰਜਦੇ ਹਨ। ਹਰ ਇਕ ਮਾਂ-ਪਿਉ ਦੀ ਇਹ ਆਸ ਹੁੰਦੀ ਹੈ ਕਿ ਸਾਡਾ ਬੱਚਾ ਚੰਗੇ ਗੁਣਾਂ ਦਾ ਧਾਰਨੀ ਹੋਵੇ ਅਤੇ ਨੇਕ ਕਮਾਈ ਕਰੇ, ਸਮਾਜ ਵਿਚ ਉਸਦੇ ਚੰਗੇ ਗੁਣਾਂ ਦੀ ਪਹਿਚਾਣ ਹੋਵੇ ਆਦਿ। ਇਸ ਕੰਮ ਵਿਚ ਉਹੀ ਵਿਅਕਤੀ ਕਾਮਯਾਬ ਹੁੰਦੇ ਹਨ ਜੋ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਹੋਣ। ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਇਕ ਨਰੋਏ ਸਰੀਰ ਵਿਚ ਹੀ ਇਕ ਨਰੋਏ ਮਨ ਦਾ ਵਿਕਾਸ ਹੁੰਦਾ ਹੈ।

ਸਰੀਰਕ ਤੌਰ 'ਤੇ ਤੰਦਰੁਸਤ ਹੋਣ ਲਈ ਵਿਅਕਤੀ ਸਵੇਰੇ ਜਲਦੀ ਉੱਠੇ। ਕੁਦਰਤ ਦੀ ਗੋਦ ਵਿਚ ਜਾਏ ਅਤੇ ਸ਼ੁਧ ਹਵਾ ਗ੍ਰਹਿਣ ਕਰੇ। ਸ਼ੁਧ ਹਵਾ ਵਿਅਕਤੀ ਨੂੰ ਚੁਸਤ-ਦਰੁਸਤ ਕਰਨ ਵਿਚ ਸਹਾਇਤਾ ਕਰਦੀ ਹੈ। ਸ਼ੁਧ ਹਵਾ ਰਾਹੀਂ ਕੁਦਰਤੀ ਗੁਣ ਵਿਅਕਤੀ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਹਨ ਜੋ ਕਿ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਕੁਦਰਤ ਦੇ ਨੇੜੇ ਰਹਿਣ ਨਾਲ ਵਿਅਕਤੀ ਨੂੰ ਆਲਸ ਨਹੀਂ ਆਉਂਦਾ, ਜੋ ਕਿ ਕਈ ਤਰ੍ਹਾਂ ਦੀਆਂ ਸਰੀਰਕ ਬਿਮਾਰੀਆਂ ਦਾ ਕਾਰਣ ਬਣਦਾ ਹੈ। ਸਾਰਾ ਦਿਨ ਵਿਅਕਤੀ ਉਨ੍ਹਾਂ ਕੰਮਾਂ ਵੱਲ ਰੁਚਿਤ ਰਹਿਣ ਦੀ ਕੋਸ਼ਿਸ਼ ਕਰੇ, ਜਿਨ੍ਹਾਂ ਕੰਮਾਂ ਵਿਚ ਸਰੀਰ ਕਿਸੇ ਨਾ ਕਿਸੇ ਤਰ੍ਹਾਂ ਹਰਕਤ ਵਿਚ ਆਵੇ।

ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਪੌਸ਼ਟਿਕ ਆਹਾਰ ਜ਼ਰੂਰੀ ਹੈ। ਵਿਅਕਤੀ, ਉਨਾ ਹੀ ਭੋਜਨ ਖਾਵੇ, ਜਿੰਨਾ ਸਰੀਰਕ ਵਿਕਾਸ ਲਈ ਜ਼ਰੂਰੀ ਹੋਵੇ। ਲੋੜ ਤੋਂ ਵੱਧ ਭੋਜਨ ਖਾਣ ਨਾਲ ਵੀ ਸਰੀਰਕ ਬਿਮਾਰੀਆਂ ਲਗਦੀਆਂ ਹਨ ਅਤੇ ਜ਼ਿਆਦਾ ਭੁੱਖੇ ਰਹਿਣਾ ਵੀ ਸਿਹਤ ਲਈ ਠੀਕ ਨਹੀਂ। ਭੋਜਨ ਕੇਵਲ ਉਹੋ ਜਿਹਾ ਕਰਨਾ ਚਾਹੀਦਾ ਹੈ ਜੋ ਕਿ ਸਰੀਰ ਵਿਚ ਸਾਰੇ ਪੌਸ਼ਟਿਕ ਤੱਤਾਂ ਨੂੰ ਪੂਰਾ ਕਰਨ ਵਾਲਾ ਹੋਵੇ।

ਕਸਰਤ, ਵਿਅਕਤੀ ਦੇ ਜੀਵਨ ਦਾ, ਇਕ ਅਟੁੱਟ ਅੰਗ ਬਣਨੀ ਚਾਹੀਦੀ ਹੈ। ਕਸਰਤ ਕੇਵਲ ਉਸੇ ਤਰ੍ਹਾਂ ਦੀ ਹੀ ਕਰਨੀ ਚਾਹੀਦੀ ਹੈ ਜੋ ਸਰੀਰ ਦੇ ਸਾਰੇ ਅੰਗਾਂ ਨੂੰ ਚੁਸਤ-ਦਰੁਸਤ ਕਰਨ ਵਿਚ ਸਹਾਇਤਾ ਕਰਦੀ ਹੋਵੇ। ਕਸਰਤ ਕੰਮ ਦੇ ਹਿਸਾਬ ਨਾਲ ਹੋਣੀ ਚਾਹੀਦੀ ਹੈ, ਜਿਵੇਂ ਹਲਕਾ ਕੰਮ ਕਰਨ ਵਾਲੇ ਵਿਅਕਤੀ ਕੇਵਲ ਉਹ ਕਸਰਤਾਂ ਕਰਨ ਜਿਨ੍ਹਾਂ ਰਾਹੀਂ ਸਾਰੇ ਸਰੀਰ ਦੇ ਅੰਗ ਹਰਕਤ ਵਿਚ ਰਹਿਣ। ਭਾਰੇ ਕੰਮ ਕਰਨ ਵਾਲੇ ਵਿਅਕਤੀ ਨੂੰ ਵੀ, ਆਪਣੇ ਕੰਮ ਦੇ ਹਿਸਾਬ ਨਾਲ ਹੀ, ਕਸਰਤ ਕਰਨੀ ਚਾਹੀਦੀ ਹੈ ਤਾਂ ਜੋ ਸਰੀਰ ਨੂੰ ਕੁਦਰਤੀ ਤਰੀਕੇ ਨਾਲ ਨਿਰੋਗ ਰੱਖਿਆ ਜਾ ਸਕੇ।

ਵਿਅਕਤੀ ਆਪਣੇ ਸਾਰੇ ਦਿਨ ਦੇ ਕੰਮ ਇਕ ਵਿਸ਼ੇਸ਼ ਟਾਈਮ-ਟੇਬਲ ਦੇ ਅਨੁਸਾਰ ਕਰੇ ਅਤੇ ਜੋ ਕੰਮ ਮਿਥੇ ਗਏ ਹਨ ਉਨ੍ਹਾਂ ਵਿਚ ਕੁਤਾਹੀ ਨਾ ਕਰੇ।

ਵਿਅਕਤੀ, ਸਵੇਰੇ ਉਠ ਕੇ ਸੈਰ ਕਰਨ ਜਾਂਦੇ ਹੋਏ ਜਾਂ ਕੋਈ ਹੋਰ ਕੰਮ ਕਰਦੇ, ਹੋਏ ਆਪਣੇ ਸਾਰੇ ਦਿਨ ਦੇ ਕੰਮਾਂ ਦੇ ਸਮੇਂ ਦੀ ਵੰਡ ਕਰ ਸਕਦਾ ਹੈ। ਜਿੰਨਾ ਸਮਾਂ ਇਕ ਕੰਮ ਲਈ ਰੱਖਿਆ ਗਿਆ ਹੈ, ਉਸ ਕੰਮ ਨੂੰ ਉਨੇ ਹੀ ਸਮੇਂ ਵਿਚ ਪੂਰਾ ਕਰਨ ਦੀ ਕੋਸ਼ਿਸ਼ ਕਰੇ, ਨਹੀ ਤਾਂ ਬਾਕੀ ਹੋਰ ਕੰਮਾਂ ਵਿਚ ਵੀ ਵਿਘਨ ਪੈਣ ਦੀ ਸੰਭਾਵਨਾ ਹੋ ਸਕਦੀ ਹੈ।

ਵਿਅਕਤੀ ਨੂੰ ਆਪਣੇ ਆਲੇ-ਦੁਆਲੇ ਅਤੇ ਦੁਨੀਆਂ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਰੱਖਣੀ ਚਾਹੀਦੀ ਹੈ ਜੋ ਕਿ ਉਸਦੇ ਮਾਨਸਿਕ ਅਤੇ ਬੌਧਿਕ ਵਿਕਾਸ ਲਈ ਲਾਹੇਵੰਦ ਹੈ। ਰੋਜ਼ ਆਪਣੇ ਸਮੇਂ ਵਿਚੋਂ ਕੁਝ ਸਮਾਂ ਕੱਢ ਕੇ ਅਖ਼ਬਾਰ ਜਾਂ ਹੋਰ ਕੋਈ ਅਜਿਹਾ ਰਸਾਲਾ ਜ਼ਰੂਰ ਪੜ੍ਹੇ, ਜਿਸ ਤੋਂ ਉਸਨੂੰ ਆਪਣੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਣਕਾਰੀ ਮਿਲ ਸਕੇ। ਇੰਨਾ ਹੀ ਨਹੀਂ, ਰੋਜ਼ਾਨਾ ਅਖ਼ਬਾਰ ਪੜ੍ਹਨ ਨਾਲ ਵਿਅਕਤੀ, ਆਪਣੇ ਆਲੇ-ਦੁਆਲੇ ਪ੍ਰਤੀ ਚੇਤੰਨ ਹੋ ਕੇ ਕੰਮ ਕਰ ਸਕਦਾ ਹੈ ਅਤੇ ਸਮਾਜ ਵਿਚ ਪਾਏ ਜਾਂਦੇ ਭੁਲੇਖਿਆਂ ਤੋਂ ਸੁਚੇਤ ਹੋ ਸਕਦਾ ਹੈ।

ਵਿਅਕਤੀ ਦਾ ਸੁਭਾਅ, ਉਸ ਦੀ ਸ਼ਖਸੀਅਤ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਵਿਅਕਤੀ ਦੀ ਗੱਲਬਾਤ ਤੇ ਹੋਰ ਤੌਰ-ਤਰੀਕਿਆਂ ਤੋਂ ਉਸਦੇ ਸੁਭਾਅ ਦਾ ਪਤਾ ਲਗਦਾ ਹੈ। ਇਸ ਲਈ ਜਿਹੋ ਜਿਹੀਆਂ ਕ੍ਰਿਆਵਾਂ ਵਿਅਕਤੀ ਕਰਦਾ ਹੈ, ਉਸੇ ਤਰ੍ਹਾਂ ਦਾ ਉਸਨੂੰ ਜੁਆਬ ਵੀ ਮਿਲਦਾ ਹੈ। ਇਕ ਵਿਅਕਤੀ ਦੂਜੇ ਵਿਅਕਤੀ ਪ੍ਰਤੀ ਜਿਸ ਤਰ੍ਹਾਂ ਦਾ ਵਿਹਾਰ ਕਰਦਾ ਹੈ, ਉਸੇ ਤਰ੍ਹਾਂ ਦੇ ਵਿਹਾਰ ਦਾ ਉਸਨੂੰ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜੇਕਰ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਵਾਰ-ਵਾਰ ਮਾੜਾ ਕਹਿੰਦਾ ਹੈ ਤਾਂ ਦੇਖਣ ਵਾਲਾ ਵਿਅਕਤੀ ਉਸ ਵਿਅਕਤੀ ਪ੍ਰਤੀ ਉਸੇ ਤਰ੍ਹਾਂ ਦੀ ਧਾਰਨਾ ਪੈਦਾ ਕਰ ਲੈਂਦਾ ਹੈ ਕਿ ਇਸ ਵਿਅਕਤੀ ਦਾ ਸੁਭਾਅ ਹੀ ਦੂਜਿਆਂ ਪ੍ਰਤੀ ਵੈਰ-ਵਿਰੋਧ ਅਤੇ ਈਰਖਾ ਰੱਖਣ ਵਾਲਾ ਹੈ। ਇਕ ਵਿਅਕਤੀ ਦੁਆਰਾ ਕਹੀ ਹੋਈ ਅਜਿਹੀ ਗੱਲ ਸਮਾਂ ਪਾ ਕੇ ਸਮਾਜ ਵਿਚ ਫੈਲ ਜਾਂਦੀ ਹੈ ਅਤੇ ਨੁਕਸਾਨਦਾਇਕ ਸਾਬਤ ਹੁੰਦੀ ਹੈ। ਇਸ ਲਈ ਵਿਅਕਤੀ ਨੂੰ ਸਮਾਜ ਵਿਚ ਰਹਿੰਦੇ ਹੋਏ ਅਜਿਹਾ ਸੁਭਾਅ ਬਣਾਉਣਾ ਚਾਹੀਦਾ ਹੈ, ਜਿਸ ਨਾਲ ਦੂਜਿਆਂ ਦਾ ਨੁਕਸਾਨ ਨਾ ਹੋਵੇ। ਵਿਅਕਤੀ ਦੇ ਸੁਭਾਅ ਦਾ ਮੁੱਢ ਘਰ ਵਿਚੋਂ ਹੀ ਬੱਝਦਾ ਹੈ, ਪਰ ਉਸ ਵਿਚ ਪ੍ਰੀਵਰਤਨ, ਸਕੂਲ ਅਤੇ ਆਲੇ-ਦੁਆਲੇ ਦੇ ਪ੍ਰਭਾਵ ਸਦਕਾ ਵੀ ਆ ਸਕਦਾ ਹੈ। ਜਿਹੋ ਜਿਹਾ ਵਿਅਕਤੀ ਦੇ ਮਾਂ-ਬਾਪ ਦਾ ਸੁਭਾਅ ਹੁੰਦਾ ਹੈ, ਉਸੇ ਤਰ੍ਹਾਂ ਦਾ ਪ੍ਰਭਾਵ ਬੱਚਾ ਵੀ ਕਬੂਲਦਾ ਹੈ, ਪਰ ਇਹ ਅੰਤਿਮ ਨਿਰਣਾ ਨਹੀਂ ਹੈ ਕਿਉਂਕਿ ਬੱਚੇ ਨੇ ਘਰ ਤੋਂ ਬਾਹਰ ਆਪਣੇ ਸਕੂਲ, ਆਲੇ-ਦੁਆਲੇ ਅਤੇ ਸਮਾਜ ਵਿਚ ਵੀ ਵਿਚਰਨਾ ਹੁੰਦਾ ਹੈ।

ਸਮਾਜ ਵਿਚ ਰਹਿੰਦੇ ਹੋਏ ਵਿਅਕਤੀਆਂ ਬਾਰੇ ਇਹ ਅਧਿਐਨ ਕੀਤਾ ਗਿਆ ਹੈ ਕਿ ਕਦੇ ਉਹ ਅੰਤਰਮੁਖੀ ਬਿਰਤੀ ਨਾਲ ਸੰਬੰਧਤ ਹੋ ਜਾਂਦੇ ਹਨ, ਜਿਸ ਦੁਆਰਾ

ਉਹ ਸਮਾਜ ਤੋਂ ਅਲੱਗ ਅਤੇ ਚੁੱਪ ਧਾਰਨ ਕਰਨ ਵਿਚ ਵਿਸ਼ਵਾਸ ਰੱਖਦੇ ਹਨ, ਕਦੇ ਵਿਅਕਤੀ ਬਾਹਰਮੁੱਖੀ ਬਿਰਤੀ ਨਾਲ ਸੰਬੰਧਤ ਹੋ ਕੇ, ਆਪਣੀ ਹਰ ਇਕ ਗੱਲ, ਦੂਜਿਆਂ ਨਾਲ ਸਾਂਝੀ ਕਰਨੀ ਲੋਚਦੇ ਹਨ। ਜਦੋਂ ਕਿਸੇ ਵਿਅਕਤੀ ਅੰਦਰ ਇਹ ਦੋਵੇਂ ਬਿਰਤੀਆਂ ਇਕ ਸਮਾਨ ਹੋ ਜਾਣ ਤਾਂ ਵਿਅਕਤੀ ਕਦੇ ਕੋਈ ਗੱਲ ਛੁਪਾਉਣ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਕਦੇ ਕੋਈ ਗੱਲ ਦੱਸਣ ਵਿਚ। ਅਜਿਹੀ ਬਿਰਤੀ ਆਮ ਮਨੁੱਖਾਂ ਦੇ ਜੀਵਨ ਦਾ ਹਿੱਸਾ ਹੁੰਦੀ ਹੈ। ਇਸ ਬਿਰਤੀ ਤਹਿਤ ਵਿਅਕਤੀ ਜਦੋਂ ਦੂਜੇ ਵਿਅਕਤੀਆਂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਦੀ ਸ਼ਖਸੀਅਤ ਉਜਾਗਰ ਹੁੰਦੀ ਹੈ। ਇਸੇ ਬਿਰਤੀ ਕਰਕੇ ਹੀ ਵਿਅਕਤੀ ਦੂਜਿਆਂ ਪ੍ਰਤੀ ਆਪਣੀ ਰਾਏ ਪ੍ਰਗਟ ਕਰਦਾ ਹੈ ਅਤੇ ਇਸੇ ਕਰਕੇ ਹੀ ਉਹ ਦੂਜੇ ਵਿਅਕਤੀ ਬਾਰੇ ਕਦੇ ਹਾਂ-ਪੱਖੀ (ਪੋਸਟਿਵਿਏ) ਰੁਚੀ ਰੱਖਦਾ ਹੈ ਅਤੇ ਕਦੇ ਨਾਂਹ-ਪੱਖੀ (ਨਏਗਓਟਵਿਏ)। ਵਿਅਕਤੀ ਨੂੰ ਆਪਣੀ ਸ਼ਖਸੀਅਤ ਦੇ ਵਿਕਾਸ ਲਈ ਹਮੇਸ਼ਾਂ ਹਾਂ-ਪੱਖੀ ਪਹੁੰਚ ਦਾ ਸਹਾਰਾ ਲੈਣਾ ਚਾਹੀਦਾ ਹੈ ਤਾਂ ਕਿ ਉਹ ਕਿਸੇ ਵੀ ਵਿਅਕਤੀ ਨੂੰ ਮਿਲਣ ਵੇਲੇ ਅਤੇ ਕੋਈ ਵੀ ਕੰਮ ਕਰਨ ਵੇਲੇ ਨਿਰਉਤਸ਼ਾਹਿਤ ਨਾ ਹੋਵੇ। ਅਜਿਹਾ ਕਰਦੇ ਸਮੇਂ ਉਸਨੂੰ ਹਰ ਇਕ ਵਿਅਕਤੀ ਅਤੇ ਕੰਮ ਵਿਚੋਂ ਹਾਂ-ਪੱਖੀ ਭੂਮਿਕਾ ਨਜ਼ਰ ਆਵੇਗੀ ਅਤੇ ਉਸਦੀ ਕੰਮ ਪ੍ਰਤੀ ਰੁਚੀ ਵੀ ਵਧੇਗੀ। ਹਾਂ-ਪੱਖੀ ਪਹੁੰਚ ਵਾਲੇ ਵਿਅਕਤੀ ਹਮੇਸ਼ਾਂ ਦੂਜਿਆਂ ਪ੍ਰਤੀ ਉਸਾਰੂ ਸੋਚ ਰੱਖਦੇ ਹਨ ਅਤੇ ਹਰ ਇਕ ਵਿਅਕਤੀ ਨੂੰ ਸਮਾਜ ਦਾ ਅਟੁੱਟ ਅੰਗ ਸਮਝਦੇ ਹੋਏ ਆਪਣੇ ਨਾਲ ਲੈ ਕੇ ਚੱਲਣ ਦੀ ਸਮਰੱਥਾ ਰੱਖਦੇ ਹਨ। ਪਰ ਇਸਦੇ ਨਾਲ ਹੀ ਨਾਂਹ-ਪੱਖੀ ਪਹੁੰਚ ਵਾਲੇ ਵਿਅਕਤੀ ਹਮੇਸ਼ਾਂ ਉਦਾਸੀਨ, ਆਲਸੀ ਅਤੇ ਆਪਣਾ ਨੁਕਸਾਨ ਕਰਨ ਵਾਲੇ ਸਾਬਿਤ ਹੁੰਦੇ ਹਨ। ਇਸ ਲਈ ਹਰ ਉਹ ਵਿਅਕਤੀ ਚੰਗੀ ਸ਼ਖਸੀਅਤ ਦਾ ਮਾਲਕ ਬਣ ਸਕਦਾ ਹੈ ਜੋ ਹਾਂ-ਪੱਖੀ ਪਹੁੰਚ ਰੱਖਦਾ ਹੈ।

ਨਸ਼ੇ ਅੱਜ ਕੱਲ ਸਮਾਜ ਦਾ ਅਟੁੱਟ ਅੰਗ ਬਣਦੇ ਜਾ ਰਹੇ ਹਨ, ਜਿਨ੍ਹਾਂ ਦਾ ਸਮਾਜ ਨੂੰ ਬਹੁਤ ਘਾਤਕ ਨੁਕਸਾਨ ਹੋ ਰਿਹਾ ਹੈ। ਇਹ ਨਸ਼ੇ ਵਿਅਕਤੀ ਨੂੰ ਸਰੀਰਕ ਅਤੇ ਮਾਨਸਕ ਪੱਧਰ ਉਤੇ ਖੋਖਲਾ ਕਰ ਦਿੰਦੇ ਹਨ। ਇਸ ਲਈ ਹਰ ਉਹ ਵਿਅਕਤੀ, ਜਿਹੜਾ ਸਮਾਜ ਵਿਚ ਕੋਈ ਵਿਸ਼ੇਸ਼ ਸਥਾਨ ਹਾਸਲ ਕਰਨਾ ਚਾਹੁੰਦਾ ਹੈ, ਉਹ ਨਿਸ਼ਚਿਤ ਰੂਪ ਵਿਚ ਹੀ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਰਾਲਾ ਕਰੇ।

ਅਜੋਕੇ ਸਮੇਂ ਵਿਚ ਸਮਾਜ ਨੇ ਵਿਗਿਆਨਕ ਤਰੱਕੀ ਦੀਆਂ ਸਿਖਰਾਂ ਨੂੰ ਛੂਹਿਆ ਹੈ ਅਤੇ ਜੋ ਵਿਅਕਤੀ ਸਮਾਜ ਵਿਚ ਉਸਾਰੂ ਯੋਗਦਾਨ ਪਾਉਣਾ ਚਾਹੁੰਦਾ ਹੈ, ਉਹ ਨਵੀਆਂ ਵਿਗਿਆਨਕ ਖੋਜਾਂ ਨੂੰ ਅਪਣਾਵੇ ਅਤੇ ਨਵੀਆਂ ਵਿਗਿਆਨਕ ਖੋਜਾਂ ਰਾਹੀਂ ਆਪਣੇ ਜੀਵਨ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇ। ਨਵੀਆਂ ਵਿਗਿਆਨਕ ਖੋਜਾਂ ਨੇ ਸਾਰੇ ਸੰਸਾਰ ਨੂੰ ਇਕ ਪਿੰਡ ਦਾ ਰੂਪ ਦੇ ਦਿੱਤਾ ਹੈ,

ਜਿਥੇ ਕੋਈ ਵੀ ਵਿਅਕਤੀ ਅਲੱਗ-ਥਲੱਗ ਨਹੀਂ ਰਹਿਣਾ ਚਾਹੁੰਦਾ। ਇਸ ਲਈ ਸਮਾਜ ਨੂੰ ਵਿਕਾਸ ਦੀਆਂ ਲੀਹਾਂ ਤੇ ਤੋਰਨ ਲਈ ਸਮੇਂ - ਸਮੇਂ ਤੇ ਹੋ ਰਹੀਆਂ ਵਿਗਿਆਨਕ ਖੋਜਾਂ ਤੋਂ ਲਾਭ ਉਠਾਇਆ ਜਾਣਾ ਚਾਹੀਦਾ ਹੈ ।

ਇਨ੍ਹਾਂ ਕੁੱਝ ਕੁ ਵਿਚਾਰਾਂ ਰਾਹੀਂ, ਵਿਅਕਤੀ ਦੀ ਸ਼ਖਸੀਅਤ ਦੇ ਵਿਕਾਸ ਲਈ ਲੋੜੀਂਦੇ ਪੱਖਾਂ ਉੱਤੇ ਰੌਸ਼ਨੀ ਪਾਉਣ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਹਰ ਇਕ ਪੱਖ ਉੱਤੇ ਆਉਣ ਵਾਲੇ ਪਾਠਾਂ ਵਿਚ ਸੰਖੇਪ ਵਰਣਨ ਕੀਤਾ ਜਾਵੇਗਾ ਤਾਂ ਕਿ ਸਮੁੱਚਾ ਸਮਾਜ ਇਨ੍ਹਾਂ ਬਹੁਮੁੱਲੇ ਢੰਗਾਂ ਤੋਂ ਲਾਹਾ ਲੈ ਸਕੇ।

ਕੁੱਝ ਵਡਮੁੱਲੀਆਂ ਜੀਵਨ ਸੇਧਾਂ :-

ਭਲੇ ਬੁਰੇ ਜੋ ਆਦਮੀ ਵੇਖੇ ਵਿਚ ਜਹਾਨ ।
ਬੁਰਾ ਕਿਸੇ ਨੂੰ ਨਾ ਕਹੇ ਸੋ ਨਰ ਵੀਰ ਸੁਜਾਨ ।
ਕਹੋਂ ਬੁਰੇ ਨੂੰ ਜੇ ਬੁਰਾ ਵੈਰੀ ਤੇਰਾ ਹੋਏ ।
ਕਹੋਂ ਭਲੇ ਨੂੰ ਜੇ ਬੁਰਾ ਧਰਮ ਆਪਣਾ ਖੋਏ ।
ਨੀਚ ਫਲਾਣਾ ਪੁਰਖ ਹੈ ਕਹੇ ਜੋ ਤੈਨੂੰ ਆਣ ।
ਉਹ ਬੁਰਿਆਈ ਆਪਣੀ ਕਰਦਾ ਹੈ ਇਹ ਜਾਨ ।
ਲੋਕਾਂ ਦੀ ਨਿੰਦਾ ਕਰੇ ਸਭਨਾਂ ਕੋਲ ਜੋ ਜਾਏ ।
ਉਹ ਜਨ ਵਿਚ ਜਹਾਨ ਦੇ ਚੁਗਲੀਖੋਰ ਕਹਾਏ ।
ਜੇਕਰ ਤੈਨੂੰ ਪੈ ਗਈ ਨਿੰਦ ਕਰਨ ਦੀ ਬਾਣ ।
ਸੱਚੀ ਤੇਰੀ ਗੱਲ ਵੀ ਨਿੰਦਾ ਕਹੇ ਜਹਾਨ ।

(ਪ੍ਰਿੰ. ਗੰਗਾ ਸਿੰਘ)

16. ਵਿਅਕਤੀ ਦੀਆਂ ਜ਼ਿੰਮੇਵਾਰੀਆਂ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ ਵਿਚ ਰਹਿੰਦੇ ਹੋਏ ਉਸ ਨੂੰ ਅਨੇਕਾਂ ਕੰਮ ਕਰਨੇ ਪੈਂਦੇ ਹਨ। ਇਹ ਸਾਰੇ ਕੰਮ ਜੇਕਰ ਵਿਅਕਤੀ ਜ਼ਿੰਮੇਵਾਰੀ ਨਾਲ ਕਰਦਾ ਹੈ ਤਾਂ ਉਸਨੂੰ ਸਮਾਜ ਵਿਚ ਸਨਮਾਨਯੋਗ ਰੁਤਬਾ ਹਾਸਲ ਹੁੰਦਾ ਹੈ, ਪਰ ਇਸਦੇ ਨਾਲ ਹੀ ਜੇਕਰ ਉਹ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਕੁਤਾਹੀ ਕਰਦਾ ਹੈ ਤਾਂ ਸਮਾਜ ਦੀ ਨਿੰਦਾ ਦਾ ਪਾਤਰ ਵੀ ਬਣਦਾ ਹੈ। ਇਹ ਸਾਰੀਆਂ ਜ਼ਿੰਮੇਵਾਰੀਆਂ ਵਿਅਕਤੀ, ਇਸੇ ਸਮਾਜ ਵਿਚ ਰਹਿੰਦਾ ਹੋਇਆ ਸਿੱਖਦਾ ਹੈ ਅਤੇ ਨਿਭਾਉਂਦਾ ਹੈ। ਗੁਰੂ ਸਾਹਿਬਾਨ ਨੇ ਵਿਅਕਤੀ ਦਾ ਇਸ ਸੰਸਾਰ ਵਿਚ ਆਉਣ ਦਾ ਇਕ ਖਾਸ ਮਨੋਰਥ ਮੰਨਿਆ ਹੈ ਜਿਸਦੇ ਅਨੁਸਾਰ ਉਸਨੇ ਇਸ ਜੀਵਨ ਵਿਚ ਪ੍ਰਭੂ ਨਾਲ ਪ੍ਰੀਤ ਪਾਉਣੀ ਹੈ, ਪਰ ਜ਼ਰੂਰੀ ਇਹ ਸਮਝਿਆ ਗਿਆ ਹੈ ਕਿ ਪ੍ਰਭੂ ਨਾਲ ਪ੍ਰੀਤ ਪਾਉਂਦਾ ਹੋਇਆ ਹਰ ਇਕ ਵਿਅਕਤੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਦੀ ਪਾਲਣਾ ਵੀ ਪੂਰੀ ਤਨਦੇਹੀ ਨਾਲ ਕਰੇ । ਪਰ ਹੁਣ ਸਵਾਲ ਇਹ

ਪੈਦਾ ਹੁੰਦਾ ਹੈ ਕਿ ਵਿਅਕਤੀ ਇਹ ਜ਼ਿੰਮੇਵਾਰੀਆਂ ਕਿੱਥੋਂ ਸਿੱਖਦਾ ਹੈ ਅਤੇ ਉਨ੍ਹਾਂ ਦਾ ਪਾਲਣ ਕਿਵੇਂ ਕਰਦਾ ਹੈ ? ਇਸਦੇ ਜੁਆਬ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਉੱਤੇ ਉਸਦੇ ਪਰਿਵਾਰ , ਸਕੂਲ, ਸਮਾਜ ਅਤੇ ਧਰਮ-ਅਸਥਾਨ ਦਾ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ ਅਤੇ ਇਥੋਂ ਹੀ ਵਿਅਕਤੀ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਚੇਤੰਨ ਹੁੰਦਾ ਹੈ । ਇਨ੍ਹਾਂ ਪ੍ਰਭਾਵਸ਼ਾਲੀ ਕਾਰਣਾਂ ਦਾ ਇਥੇ ਸੰਖੇਪ ਅਧਿਐਨ ਕੀਤਾ ਜਾ ਰਿਹਾ ਹੈ :

1. ਪਰਿਵਾਰ :- ਵਿਅਕਤੀ ਦੇ ਜਨਮ ਤੋਂ ਹੀ ਉਸਦੇ ਮਾਂ-ਬਾਪ ਅਤੇ ਭੈਣ-ਭਰਾ ਉਸ ਦੇ ਜੀਵਨ ਦਾ ਹਿੱਸਾ ਬਣਦੇ ਹਨ । ਇਸ ਕਰਕੇ ਇਹ ਸ਼ਖਸੀਅਤਾਂ ਵਿਅਕਤੀ ਦੇ ਜੀਵਨ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ, ਪਰ ਇਨ੍ਹਾਂ ਦੇ ਇਲਾਵਾ ਪਰਿਵਾਰ ਦੇ ਹੋਰ ਰਿਸ਼ਤੇਦਾਰਾਂ, ਜਿਵੇਂ ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਚਾਚੀ, ਮਾਮਾ-ਮਾਮੀ, ਤਾਇਆ-ਤਾਈ, ਮਾਸੀ-ਮਾਸੜ ਆਦਿ ਦਾ ਪ੍ਰਭਾਵ ਵੀ ਵਿਅਕਤੀ ਦੇ ਜੀਵਨ ਉੱਤੇ ਪੈਂਦਾ ਹੈ। ਇਹ ਸਾਰੇ ਪਰਿਵਾਰਕ ਮੈਂਬਰ ਮਿਲਕੇ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਜੇਕਰ ਘਰ ਵਿਚ ਵੱਡੇ ਭੈਣ-ਭਰਾ ਮਾਤਾ ਪਿਤਾ ਦਾ ਕਹਿਣਾ ਮੰਨਦੇ ਹਨ ਤਾਂ ਆਉਣ ਵਾਲਾ ਬੱਚਾ ਵੀ ਆਪਣੇ ਆਪ ਮਾਤਾ ਪਿਤਾ ਦਾ ਆਗਿਆਕਾਰ ਹੋ ਜਾਂਦਾ ਹੈ, ਪਰ ਜਦੋਂ ਬੱਚਾ ਹੀ ਪਹਿਲਾ ਹੋਵੇ ਤਾਂ ਬੱਚੇ ਨੂੰ ਉਸਦੇ ਪਰਿਵਾਰਕ ਮੈਂਬਰ ਬਹੁਤ ਕੁੱਝ ਸਿਖਾਉਂਦੇ ਹਨ ਅਤੇ ਜੋ ਕੁੱਝ ਉਹ ਸਿਖਾਉਂਦੇ ਹਨ, ਬੱਚਾ ਝੱਟ-ਪੱਟ ਉਹ ਗੁਣ ਗ੍ਰਹਿਣ ਕਰ ਲੈਂਦਾ ਹੈ ਕਿਉਂਕਿ ਬੱਚੇ ਦਾ ਮਨ ਸ਼ੁੱਧ ਅਤੇ ਪਵਿੱਤਰ ਹੁੰਦਾ ਹੈ। ਇਸ ਲਈ ਘਰ ਪਰਿਵਾਰ ਦੇ ਮੈਂਬਰਾਂ ਦਾ ਇਹ ਫਰਜ਼ ਬਣਦਾ ਹੈ ਕਿ ਬੱਚੇ ਅੰਦਰ ਅਜਿਹੇ ਗੁਣਾਂ ਦਾ ਵਿਕਾਸ ਕੀਤਾ ਜਾਵੇ ਜੋ ਕਿ ਉਸਦੇ ਜੀਵਨ ਵਿਕਾਸ ਵਿਚ ਹਿੱਸਾ ਪਾਉਣ ਲਈ ਸਹਾਈ ਹੋਣ। ਬੱਚੇ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਗੁਣਾਂ ਨੂੰ ਧਾਰਨ ਕਰੇ ਅਤੇ ਇਨ੍ਹਾਂ ਦੇ ਅਨੁਸਾਰ ਹੀ ਜੀਵਨ ਨੂੰ ਵਿਕਸਿਤ ਕਰੇ। ਬੱਚੇ ਦੀ ਪਹਿਲੀ ਤੇ ਮੁੱਢਲੀ ਜ਼ਿੰਮੇਵਾਰੀ ਇਹ ਹੈ ਕਿ ਉਹ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੇ। ਵੱਡੇ ਭੈਣਾਂ-ਭਰਾਵਾਂ ਨਾਲ ਮੇਲ-ਮਿਲਾਪ ਵਿਚ ਰਹਿਣ ਦੀ ਆਦਤ ਪਾਵੇ, ਸ਼ਿਕਾਇਤ ਵਾਲੀ ਬਿਰਤੀ ਨੂੰ ਉਜਾਗਰ ਨਾ ਹੋਣ ਦੇਵੇ, ਪਰਿਵਾਰ ਵਿਚ ਹਰ ਆਉਣ ਜਾਣ ਵਾਲੇ ਰਿਸ਼ਤੇਦਾਰ ਨਾਲ ਵੀ ਪਿਆਰ ਅਤੇ ਸਤਿਕਾਰ ਨਾਲ ਬੋਲੇ ਅਤੇ ਉਹ ਜੋ ਕੁੱਝ ਵੀ ਕਹਿਣ, ਉਨ੍ਹਾਂ ਦੀ ਗੱਲ ਦਾ ਬੁਰਾ ਮਨਾਏ ਬਗ਼ੈਰ ਉਨ੍ਹਾਂ ਵਿਚੋਂ ਗੁਣਾਂ ਨੂੰ ਧਾਰਨ ਕਰੇ । ਕਹਿਣ ਦਾ ਭਾਵ ਕਿ ਅਜਿਹਾ ਕੋਈ ਕੰਮ ਨਾ ਕਰੇ ਜਿਸ ਨਾਲ ਮਾਤਾ-ਪਿਤਾ ਦੇ ਸਤਿਕਾਰ ਅਤੇ ਵੱਕਾਰ ਨੂੰ ਠੇਸ ਪੁੱਜਦੀ ਹੋਵੇ । ਇਹ ਕੁੱਝ ਇਕ ਜ਼ਿੰਮੇਵਾਰੀਆਂ ਵਿਅਕਤੀ ਬਚਪਨ ਤੋਂ ਘਰ ਵਿਚੋਂ ਹੀ ਸਿੱਖਦਾ ਹੈ ਅਤੇ ਉਸਨੂੰ ਇਨ੍ਹਾਂ ਜ਼ਿੰਮੇਵਾਰੀਆਂ ਦਾ ਪਾਲਣ ਵੀ ਕਰਨਾ ਚਾਹੀਦਾ ਹੈ ।

2. ਸਕੂਲ :- ਸਕੂਲ ਇਕ ਅਜਿਹਾ ਅਸਥਾਨ ਹੈ ਜਿਥੇ ਵਿਅਕਤੀ

ਪਰਿਵਾਰ ਤੋਂ ਦੂਰ ਰਹਿੰਦਾ ਹੈ। ਸਕੂਲ ਵਿਚ, ਬਿਤਾਇਆ ਜਾਣ ਵਾਲਾ ਸਮਾਂ ਵੀ ਵਿਅਕਤੀ ਲਈ ਬਹੁਤ ਮਹੱਤਵਪੂਰਨ ਹੈ ਜਿਥੇ ਵਿਅਕਤੀ ਪਰਿਵਾਰ ਤੋਂ ਦੂਰ ਰਹਿ ਕੇ ਸਿੱਖਦਾ ਹੈ। ਸਕੂਲ ਵਿਚ ਅਜਿਹਾ ਮਾਹੌਲ ਹੁੰਦਾ ਹੈ ਜਿਥੇ ਮਾਂ-ਪਿਉ ਵਰਗਾ ਪਿਆਰ ਤਾਂ ਨਹੀਂ ਹੁੰਦਾ ਪਰ ਫਿਰ ਵੀ ਸਕੂਲ ਦੇ ਅਧਿਆਪਕ ਬੱਚੇ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਸਕੂਲ ਵਿਚ, ਬੱਚੇ ਲਈ, ਉਸਦੇ ਅਧਿਆਪਕ ਆਦਰਸ਼ ਬਣਦੇ ਹਨ। ਇਕ ਅਧਿਆਪਕ ਦੁਆਰਾ ਕਹੀ ਗਈ ਗੱਲ ਬੱਚੇ ਨੂੰ ਇੰਨਾ ਪ੍ਰਭਾਵਿਤ ਕਰਦੀ ਹੈ ਕਿ ਉਹ ਘਰ ਜਾ ਕੇ ਵੀ ਆਪਣੇ ਅਧਿਆਪਕ ਦੀ ਕਹੀ ਹੋਈ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਅਤੇ ਉਸੇ ਅਨੁਸਾਰ ਕੰਮ ਕਰਨ ਲਈ ਦ੍ਰਿੜ੍ਹਤਾ ਵੀ ਵਿਖਾਉਂਦੇ ਹਨ । ਇਸ ਲਈ ਬੱਚੇ ਦੇ ਜੀਵਨ ਵਿਚ ਉਸਦੇ ਸਕੂਲ ਦੀ ਮਹੱਤਵਪੂਰਨ ਭੂਮਿਕਾ ਹੈ । ਸਕੂਲ ਵਿਚ ਜਿਥੇ ਅਧਿਆਪਕ ਉਸਦੇ ਜੀਵਨ ਆਦਰਸ਼ ਬਣਦੇ ਹਨ, ਉਥੇ ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਵੀ ਵਿਅਕਤੀ ਦੀ ਸ਼ਖਸੀਅਤ ਪ੍ਰਭਾਵਤ ਹੋਏ ਬਿਨਾਂ ਨਹੀ ਰਹਿੰਦੀ। ਸਕੂਲ ਵਿਚ ਜੇਕਰ ਵਿਦਿਆਰਥੀ ਦੀ ਸੰਗਤ ਸ਼ਰਾਰਤੀ ਬੱਚਿਆਂ ਨਾਲ ਹੈ ਤਾਂ ਨਿਸ਼ਚਿਤ ਰੂਪ ਵਿਚ ਬੱਚਾ ਅਜਿਹੇ ਬੱਚਿਆਂ ਦੀ ਸੰਗਤ ਤੋਂ ਪ੍ਰਭਾਵ ਕਬੂਲੇਗਾ। ਇਸ ਲਈ ਬੱਚੇ ਦੀ ਸਕੂਲ ਵਿਚ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਅਧਿਆਪਕਾਂ ਦਾ ਸਤਿਕਾਰ ਕਰੇ, ਉਨ੍ਹਾਂ ਦੀ ਹਰ ਗੱਲ ਨੂੰ ਧਿਆਨ ਨਾਲ ਸੁਣੇ, ਚੰਗੀਆਂ ਆਦਤਾਂ ਗ੍ਰਹਿਣ ਕਰਨ ਵਾਲੇ ਬੱਚਿਆਂ ਦੀ ਸੰਗਤ ਵਿਚ ਰਹੇ ਅਤੇ ਪੜ੍ਹਾਈ ਵੱਲ ਵੱਧ ਤੋਂ ਵੱਧ ਧਿਆਨ ਦੇਵੇ। ਇਸ ਤੋਂ ਇਲਾਵਾ ਘਰ ਤੋਂ ਸਿੱਧਾ ਸਕੂਲ ਅਤੇ ਸਕੂਲ ਤੋਂ ਘਰ ਵਾਪਸ ਆਵੇ ਤਾਂ ਕਿ ਪਰਿਵਾਰ ਵਾਲੇ ਵੀ ਬੱਚੇ ਦੇ ਇੰਤਜ਼ਾਰ ਵਿਚ ਚਿੰਤਾ ਵਿਚ ਨਾ ਪੈਣ। ਜੋ ਬੱਚਾ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੰਦਾ ਉਹ ਮਾਂ-ਪਿਉ ਦੀ ਖੂਨ-ਪਸੀਨੇ ਦੀ ਕਮਾਈ ਨੂੰ ਅਜਾਈਂ ਗਵਾ ਰਿਹਾ ਹੈ ਅਤੇ ਇਸ ਤਰ੍ਹਾਂ ਕਰਕੇ ਉਹ ਆਪਣੇ ਮਾਂ-ਬਾਪ ਦੇ ਨਾਲ-ਨਾਲ ਆਪਣੇ ਆਪ ਨੂੰ ਵੀ ਧੋਖਾ ਦੇ ਰਿਹਾ ਹੈ।

3. ਸਮਾਜ :- ਘਰ ਅਤੇ ਸਕੂਲ ਤੋਂ ਇਲਾਵਾ, ਵਿਅਕਤੀ ਉੱਤੇ ਉਸਦੇ ਆਲੇ-ਦੁਆਲੇ, ਗਲੀ-ਮੁਹੱਲੇ ਅਤੇ ਦੋਸਤਾਂ-ਮਿਤਰਾਂ ਦਾ ਪ੍ਰਭਾਵ ਵੀ ਪੈਂਦਾ ਹੈ। ਸਕੂਲ ਤੋਂ ਵਾਪਸ ਘਰ ਆ ਕੇ ਜਾਂ ਛੁੱਟੀ ਵਾਲੇ ਦਿਨ ਵਿਅਕਤੀ ਦਾ ਸੰਪਰਕ ਇਨ੍ਹਾਂ ਲੋਕਾਂ ਨਾਲ ਹੁੰਦਾ ਹੈ ਜੋ ਕਿ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਜਿਹੋ-ਜਿਹਾ ਮਾਹੌਲ ਗਲੀ-ਮੁਹੱਲੇ ਅਤੇ ਆਲੇ-ਦੁਆਲੇ ਦੇ ਲੋਕਾਂ ਦਾ ਹੋਵੇਗਾ ਉਸੇ ਤਰ੍ਹਾਂ ਦਾ ਹੀ ਪ੍ਰਭਾਵ ਵਿਅਕਤੀ ਉਪਰ ਪਵੇਗਾ। ਜੇਕਰ ਮੁਹੱਲੇ ਵਿਚ ਲੜਾਈ-ਝਗੜਾ ਅਤੇ ਗਾਲੀ-ਗਲੋਚ ਪ੍ਰਧਾਨ ਹੈ ਤਾਂ ਵਿਅਕਤੀ ਵੀ ਉਹ ਸਾਰੇ ਗੁਣ ਗ੍ਰਹਿਣ ਕਰ ਸਕਦਾ ਹੈ ਜੋ ਉਸਨੂੰ ਲੜਨ-ਝਗੜਨ ਵਿਚ ਸਹਾਈ ਹੋਣ। ਪਰ ਜੇਕਰ ਇਸ ਦੇ ਉਲਟ ਆਲੇ-ਦੁਆਲੇ ਦਾ ਮਾਹੌਲ ਸੁਖਾਵਾਂ ਅਤੇ

ਮਿਲਵਰਤਨ ਭਰਿਆ ਹੈ ਤਾਂ ਵਿਅਕਤੀ ਅਜਿਹੇ ਮਾਹੌਲ ਤੋਂ ਪ੍ਰਭਾਵਤ ਹੋਏ ਬਿਨਾਂ ਵੀ ਨਹੀਂ ਰਹਿ ਸਕਦਾ। ਇਸ ਲਈ ਵਿਅਕਤੀ ਦੀ ਆਪਣੇ ਸਮਾਜ ਪ੍ਰਤੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰੇ ਜਿਸ ਨਾਲ ਆਲੇ-ਦੁਆਲੇ ਸੁਖ-ਸ਼ਾਂਤੀ ਅਤੇ ਭਾਈਚਾਰਾ ਬਣਿਆ ਰਹੇ। ਕਦੇ ਵੀ ਕੋਈ ਅਜਿਹੀ ਗੱਲ ਨਾ ਕਹੇ ਜਿਸ ਨਾਲ ਦੂਜੇ ਵਿਅਕਤੀ ਦਾ ਦਿਲ ਦੁਖੇ। ਦੂਜੇ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਨਾਲ ਵੀ ਸਦਭਾਵਨਾ ਵਾਲਾ ਵਿਹਾਰ ਕਰੇ। ਮੁਹੱਲੇ ਦੇ ਸਾਰੇ ਵਡੇਰਿਆਂ ਨਾਲ ਸਤਿਕਾਰ ਸਹਿਤ ਗੱਲ ਕਰੇ ਅਤੇ ਛੋਟਿਆਂ ਨੂੰ ਵੀ ਪਿਆਰ ਨਾਲ ਬੁਲਾਵੇ। ਮੁਹੱਲੇ ਦੀਆਂ ਧੀਆਂ-ਭੈਣਾਂ ਪ੍ਰਤੀ ਵੀ ਸਤਿਕਾਰ ਦੀ ਭਾਵਨਾ ਰੱਖੇ। ਸਮਾਂ ਕੱਢ ਕੇ ਜਿੰਨਾ ਵੀ ਹੋ ਸਕੇ ਆਪਣੇ ਆਲੇ-ਦੁਆਲੇ ਦੇ ਵਿਕਾਸ ਲਈ ਵਧ-ਚੜ੍ਹ ਕੇ ਕੰਮ ਕਰੇ ਅਤੇ ਸਾਰਿਆਂ ਨੂੰ ਪ੍ਰੇਮ ਭਾਵ ਅਤੇ ਬਣਦਾ ਸਤਿਕਾਰ ਦੇਵੇ।

4. ਧਰਮ-ਅਸਥਾਨ :- ਧਰਮ-ਅਸਥਾਨ ਹਰ ਇਕ ਗਲੀ-ਮੁਹੱਲੇ ਦਾ ਅਟੁੱਟ ਅੰਗ ਬਣ ਗਿਆ ਹੈ। ਜਿਸ ਮੁਹੱਲੇ ਵਿਚ ਜਿਸ ਧਰਮ ਨਾਲ ਸਬੰਧਤ ਲੋਕ ਵਧੇਰੇ ਰਹਿੰਦੇ ਹਨ ਉਹ ਉਥੇ ਆਪਣੇ ਧਰਮ ਦਾ ਸਥਾਨ ਬਣਾ ਲੈਂਦੇ ਹਨ। ਜਿਵੇਂ, ਜਿਸ ਮੁਹੱਲੇ ਵਿਚ ਹਿੰਦੂ ਧਰਮ ਨਾਲ ਸਬੰਧਤ ਵਧੇਰੇ ਲੋਕ ਰਹਿੰਦੇ ਹਨ ਤਾਂ ਉਹ ਸਾਰੇ ਲੋਕ ਮੰਦਰ ਬਣਾ ਲੈਂਦੇ ਹਨ, ਜਿਸ ਮੁਹੱਲੇ ਵਿਚ ਵਧੇਰੇ ਮੁਸਲਮਾਨ ਰਹਿੰਦੇ ਹੋਣ ਉਥੇ ਮਸਜਿਦ ਹੋਂਦ ਵਿਚ ਆ ਜਾਵੇਗੀ, ਇਸੇ ਤਰ੍ਹਾਂ ਹੀ ਜਿਥੇ ਸਿੱਖ ਵਧੇਰੇ ਰਹਿੰਦੇ ਹੋਣਗੇ ਉਥੋਂ ਦੇ ਲੋਕ ਗੁਰਦੁਆਰਾ ਬਣਾ ਲੈਂਦੇ ਹਨ। ਕਹਿਣ ਦਾ ਭਾਵ ਕਿ ਹਰ ਇਕ ਮੁਹੱਲੇ ਵਿਚ ਧਰਮ ਅਸਥਾਨ ਇਕ ਵਿਸ਼ੇਸ਼ ਮਹੱਤਵ ਰੱਖਦਾ ਹੈ ਅਤੇ ਆਮ ਲੋਕ ਵੀ ਲੰਘਦੇ ਹੋਏ ਉਸ ਨੂੰ ਸਤਿਕਾਰ ਦਿੰਦੇ ਹਨ। ਹਰ ਇਕ ਵਿਅਕਤੀ ਦਾ ਫਰਜ਼ ਹੈ ਕਿ ਉਹ ਆਪਣੇ ਧਰਮ ਅਸਥਾਨ ਤੇ ਜ਼ਰੂਰ ਜਾਵੇ ਅਤੇ ਉਥੇ ਜਾ ਕੇ ਸਿੱਖਿਆ ਗ੍ਰਹਿਣ ਕਰੇ। ਜਿਵੇਂ ਕਿ ਜੇਕਰ ਇਕ ਸਿੱਖ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਗੁਰਦੁਆਰੇ ਜਾ ਕੇ ਸੰਗਤ ਵਿਚ ਹਾਜ਼ਰੀ ਭਰੇ ਅਤੇ ਉਥੋਂ ਚੰਗੇ ਵਿਅਕਤੀਆਂ ਦੀ ਸੰਗਤ ਕਰਕੇ ਆਪਣੇ ਸਮਾਜ ਅਤੇ ਅਧਿਆਤਮਕ ਵਿਕਾਸ ਲਈ ਯਤਨ ਕਰੇ। ਕਿਉਂਕਿ ਸਿੱਖ ਧਰਮ ਵਿਚ ਜੀਵਨ ਦੀਆਂ ਸਾਰੀਆਂ ਕ੍ਰਿਆਵਾਂ ਇਕ ਸਾਧਨ ਦੇ ਤੌਰ ਤੇ ਇਸਤੇਮਾਲ ਕਰਨ ਦਾ ਆਦੇਸ਼ ਹੈ ਅਤੇ ਵਿਅਕਤੀ ਦਾ ਮੁੱਖ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਸਮਝਿਆ ਗਿਆ ਹੈ। ਇਸ ਲਈ ਇਕ ਸਿੱਖ ਦੀ ਇਹ ਵੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਧਰਮ ਅਸਥਾਨ ਤੇ ਜਾ ਕੇ ਜਿਥੇ ਆਪਣੇ ਅਧਿਆਤਮਕ ਵਿਕਾਸ ਲਈ ਸੇਧ ਲਏ, ਉਥੇ ਨਾਲ ਹੀ ਸਮਾਜਿਕ ਮਸਲਿਆਂ ਬਾਰੇ ਵੀ ਸਿਆਣੇ ਵਿਅਕਤੀਆਂ ਦੀ ਸਲਾਹ ਲਏ, ਕਿਉਂਕਿ ਸਿਖ ਧਰਮ ਵਿਚ ਜੀਵਨ ਦੀਆਂ ਸਾਰੀਆਂ ਕ੍ਰਿਆਵਾਂ ਦੀ ਸੇਧ ਗੁਰਬਾਣੀ ਵਿਚੋਂ ਲੈਣ ਦਾ ਹੁਕਮ ਹੈ।

ਗੁਰਦੁਆਰੇ ਜਾ ਕੇ, ਸਤਿਕਾਰ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ, ਗੁਰਬਾਣੀ ਕੀਰਤਨ ਦਾ ਸਤਿਕਾਰ ਸਹਿਤ ਅਨੰਦ ਮਾਣਦੇ ਹੋਏ ਸਤਿਸੰਗਤ ਵਿਚ ਹਾਜ਼ਰੀ ਭਰੇ। ਅਰਦਾਸ ਉਪਰੰਤ ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਕਰਦੇ ਹੋਏ ਸਮਾਜਿਕ ਮਸਲਿਆਂ ਬਾਰੇ ਪ੍ਰੇਮ ਭਾਵ ਨਾਲ ਵਿਚਾਰ ਕਰੇ। ਇਸ ਤੋਂ ਇਲਾਵਾ ਵਿਅਕਤੀ ਦਾ ਇਹ ਵੀ ਫਰਜ਼ ਹੈ ਕਿ ਸਮੇਂ-ਸਮੇਂ ਤੇ ਗੁਰਦੁਆਰੇ ਵਿਚ ਲੋੜੀਂਦੀਆਂ ਚੀਜ਼ਾਂ ਦੀ ਪੂਰਤੀ ਹਿਤ ਯੋਗਦਾਨ ਪਾਵੇ ਜਾਂ ਯੋਗਦਾਨ ਪਾ ਰਹੇ ਸੱਜਣਾਂ ਨੂੰ ਸਹਿਯੋਗ ਦੇਵੇ। ਇਸ ਤਰ੍ਹਾਂ ਵਿਅਕਤੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਵੱਲ ਵਧ ਸਕਦਾ ਹੈ।

ਇਸ ਤਰ੍ਹਾਂ ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਵਿਅਕਤੀ ਇਸ ਸਮਾਜ ਦਾ ਅਟੁੱਟ ਅੰਗ ਹੈ ਅਤੇ ਉਸ ਨੇ ਇਸੇ ਸਮਾਜ ਵਿਚ ਰਹਿੰਦੇ ਹੋਏ ਸਮਾਜਿਕ ਅਤੇ ਅਧਿਆਤਮਕ ਵਿਕਾਸ ਕਰਨਾ ਹੈ ਜਿਵੇਂ ਧਰਤੀ ਉੱਤੇ ਡਿੱਗਿਆ ਹੋਇਆ ਵਿਅਕਤੀ ਧਰਤੀ ਦਾ ਸਹਾਰਾ ਲੈ ਕੇ ਹੀ ਖੜਾ ਹੋ ਸਕਦਾ ਹੈ ਉਸੇ ਤਰ੍ਹਾਂ ਸਮਾਜਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ, ਜਿਥੇ ਵਿਅਕਤੀ ਸਮਾਜ ਵਿਚ ਵਿਸ਼ੇਸ਼ ਸਥਾਨ ਹਾਸਲ ਕਰ ਲੈਂਦੇ ਹਨ, ਉਥੇ ਨਾਲ ਹੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਜੀਵਨ ਮਨੋਰਥ ਹਾਸਲ ਕਰ ਸਕਦੇ ਹਨ।

****

ਪ੍ਰਸ਼ਨ ਪੱਤਰ ਪਾਠ ਨੰ. 1

1. ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ? ਆਪਣੇ ਸ਼ਬਦਾਂ ਵਿਚ ਲਿਖੋ ।

2. ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਦਾ ਕੀ ਉਦੇਸ਼ ਸੀ ਅਤੇ ਉਨ੍ਹਾਂ ਨੇ ਲੋਕਾਂ ਨੂੰ ਕੀ ਉਪਦੇਸ਼ ਕੀਤਾ ?

3. ਰਾਵੀ ਕੰਢੇ ਵਸੇ 'ਕਰਤਾਰਪੁਰ' ਦਾ ਸਿੱਖ ਇਤਿਹਾਸ ਵਿਚ ਕੀ ਮਹੱਤਵ ਹੈ ? ਆਪਣੇ ਸ਼ਬਦਾਂ ਵਿਚ ਵਰਣਨ ਕਰੋ ।

4. ਗੁਰਮਤਿ ਅਨੁਸਾਰ ਮਾਤਾ ਪਿਤਾ ਪ੍ਰਤੀ ਸਾਡੇ ਕੀ ਫਰਜ਼ ਹਨ ?

5. ਮਾਤਾ ਤ੍ਰਿਪਤਾ ਜੀ ਦੀ ਸਿੱਖ ਕੌਮ ਪ੍ਰਤੀ ਕੁਰਬਾਨੀ ਤੇ ਨੋਟ ਲਿਖੋ ?

6. ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਕੀ ਸਥਾਨ ਹੈ ? ਸਪੱਸ਼ਟ ਕਰੋ।

7. ਭਾਈ ਮਰਦਾਨਾ ਜੀ ਦੀਆਂ ਜੀਵਨ ਘਟਨਾਵਾਂ ਦੇ ਆਧਾਰ 'ਤੇ ਉਨ੍ਹਾਂ ਦਾ ਗੁਰਸਿੱਖੀ ਜੀਵਨ ਵਰਣਨ ਕਰੋ ।

8. ਮੋਦੀਖਾਨਾ ਸਾਖੀ ਦੇ ਆਧਾਰ ਤੇ ਗੁਰੂ ਨਾਨਕ ਸਾਹਿਬ ਜੀ ਦੇ ਕਿਰਤ

ਕਰਨ ਦੇ ਉਪਦੇਸ਼ ਨੂੰ ਦ੍ਰਿੜ ਕਰਵਾਉ ।

9. ਮੋਦੀਖਾਨੇ ਦੀ ਕਾਰ ਕਰਦੇ ਸਮੇਂ ਗੁਰੂ ਸਾਹਿਬ ਨੇ ਸਿੱਖੀ ਸਿਧਾਂਤਾਂ ਨੂੰ ਪ੍ਰਚਾਰਨ ਦੇ ਕੀ ਯਤਨ ਕੀਤੇ ? ਸਾਖੀ ਦੀਆਂ ਘਟਨਾਵਾਂ ਦੇ ਆਧਾਰ ਤੇ ਸਪੱਸ਼ਟ ਕਰੋ।

10. ਗੁਰੂ ਸਾਹਿਬ ਦੁਆਰਾ ਲਾਏ ਨਾਅਰੇ 'ਨ ਕੋ ਹਿੰਦੂ ਨ ਮੁਸਲਮਾਨ' ਤੋਂ ਕੀ ਭਾਵ ਹੈ ? ਆਪਣੇ ਸ਼ਬਦਾਂ ਵਿਚ ਲਿਖੋ।

11. 'ਸੱਚੀ ਨਿਮਾਜ਼' ਤੋਂ ਗੁਰੂ ਸਾਹਿਬ ਦਾ ਕੀ ਭਾਵ ਹੈ ? ਸਪੱਸ਼ਟ ਕਰੋ।

12. 'ਹੱਕ ਦੀ ਕਮਾਈ' ਸਾਖੀ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ ? ਇਸ ਸਾਖੀ ਵਿਚ ਗੁਰੂ ਸਾਹਿਬ ਜੀ ਨੇ 'ਸੱਚ' ਦੀ ਆਵਾਜ਼ ਬੁਲੰਦ ਕਰਨ ਲਈ ਕੀ ਯਤਨ ਕੀਤੇ ?

13. ਬਾਬਾ ਬੁੱਢਾ ਜੀ ਦਾ ਪਹਿਲਾ ਨਾਂ ਕੀ ਸੀ ਅਤੇ ਉਨ੍ਹਾਂ ਦਾ ਇਹ ਨਾਂ ਕਿਵੇਂ ਪਿਆ ?

14. ਸਿਖੀ ਪ੍ਰਚਾਰ ਲਈ ਬਾਬਾ ਬੁੱਢਾ ਜੀ ਦੁਆਰਾ ਕੀਤੇ ਯਤਨਾਂ ਬਾਰੇ ਸੰਖੇਪ ਨੋਟ ਲਿਖੋ।

15. ਧਰਮ ਦਾ ਉਦੇਸ਼ ਕੀ ਹੈ ? ਸੰਖੇਪ ਵਰਣਨ ਕਰੋ।

16. ਗੁਰੂ ਸਾਹਿਬਾਨ ਨੇ ਧਰਮ ਦੇ ਕੀ ਲੱਛਣ ਦੱਸੇ ਹਨ ? ਆਪਣੇ ਸ਼ਬਦਾਂ ਵਿਚ ਵਰਣਨ ਕਰੋ।

17. ਵਿਅਕਤੀ ਦੇ ਜੀਵਨ ਵਿਚ ਧਰਮ ਦਾ ਕੀ ਮਹੱਤਵ ਹੈ ? ਵੱਖ-ਵੱਖ ਵਿਦਵਾਨਾਂ ਦੀ ਰਾਏ ਦੇ ਆਧਾਰ ਤੇ ਆਪਣੇ ਵਿਚਾਰ ਪੇਸ਼ ਕਰੋ।

18. ਨੈਤਿਕ ਕਦਰਾਂ ਕੀਮਤਾਂ (ੌਰਓਲ ੜਓਲੁਇਸ) ਨੂੰ ਉਜਾਗਰ ਕਰਨ ਵਿਚ ਧਰਮ ਦਾ ਕੀ ਯੋਗਦਾਨ ਹੈ ?

19. ਧਰਮ ਵਿਅਕਤੀ ਦੇ ਜੀਵਨ ਵਿਚ ਕੀ ਭੂਮਿਕਾ ਨਿਭਾਉਂਦਾ ਹੈ ?

20. ਹਰੇਕ ਸ਼ਬਦ ਵਿਚ ਆਏ ਗੁਰਮਤਿ ਸਿਧਾਂਤਾਂ ਅਤੇ ਗੁਰ-ਉਪਦੇਸ਼ਾਂ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।

21. ਵਿਅਕਤੀ ਨੂੰ ਸ਼ਖਸੀਅਤ ਵਿਕਾਸ ਲਈ ਕਿੰਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? ਵਰਣਨ ਕਰੋ।

22. ਕਿੰਨ੍ਹਾਂ ਪ੍ਰਮੁੱਖ ਕੰਮਾਂ ਕਾਰਨ ਵਿਅਕਤੀ ਸਮਾਜਿਕ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ ?

23. ਕਿਹੜੇ ਕਾਰਣਾਂ ਕਰਕੇ ਵਿਅਕਤੀ ਅੰਦਰ ਸਮਾਜਿਕ ਜ਼ਿੰਮੇਵਾਰੀਆਂ ਦਾ ਅਹਿਸਾਸ ਹੁੰਦਾ ਹੈ ? ਸਪੱਸ਼ਟ ਕਰੋ।

24. ਸਮਾਜਿਕ ਜ਼ਿੰਮੇਵਾਰੀਆਂ ਵਿਅਕਤੀ ਦੇ ਜੀਵਨ ਵਿਕਾਸ ਵਿਚ ਕੀ